ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 7 ਮਈ 2024 (ਨਾਨਕਸ਼ਾਹੀ ਸੰਮਤ : ੫੫੬, ੨੫ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਹਾਕੀ ਦੀ ਨੈਸ਼ਨਲ ਖਿਡਾਰਣ ਨੇ ਕੀਤੀ ਖੁਦਕਸ਼ੀ ! ਭਰਾ-ਭਰਜਾਈ ਖਿਲਾਫ ਕੇਸ ਦਰਜ

ਫਤਿਹਗੜ੍ਹ ਸਾਹਿਬ, 6 ਮਈ (ਆਵਾਜ਼ਿ ਕੌਮ ਬਿਊਰੋ)- ਹਾਕੀ ਦੀ ਨੈਸ਼ਨਲ ਖਿਡਾਰਣ ਵੱਲੋਂ ਆਤਮ ਹੱਤਿਆ ਕਰ ਲੈਣ 'ਤੇ ਉਸ ਦੇ ਭਰਾ ਤੇ ਭਰਜਾਈ ਖਿਲਾਫ ਮਾਮਲਾ ਦਰਜ ਕੀਤੀ ਗਿਆ ਹੈ। ਖਿਡਾਰਣ ਦੇ ਪਿਤਾ ਨੇ ਇਲਜ਼ਾਮ ਲਾਇਆ ਹੈ ਕਿ ਉਸ ਦੀ ਧੀ ਨੂੰ ਉਸ ਦੇ ਬੇਟਾ ਤੇ ਨੂੰਹ ਤੰਗ-ਪ੍ਰੇਸ਼ਾਨ ਕਰਦੇ ਸਨ। ਇਸ ਲਈ ਉਸ ਨੇ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐਸਪੀ ਫਤਿਹਗੜ੍ਹ ਸਾਹਿਬ ਸੁਖਨਾਜ ਸਿੰਘ ਨੇ ਦੱਸਿਆ ਕਿ ਜਸਪਾਲ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਦੀਆਂ ਤਿੰਨ ਧੀਆਂ ਤੇ ਇੱਕ ਪੁੱਤਰ ਹੈ। ਦੋ ਲੜਕੀਆਂ ਤੇ ਇੱਕ ਪੁੱਤਰ ਸ਼ਾਦੀਸ਼ੁਦਾ ਹੈ। ਉਸ ਦੇ ਲੜਕੇ ਬਿਕਰਮਜੀਤ ਸਿੰਘ ਦੀ ਸ਼ਾਦੀ ਲਗਪਗ ਪੰਜ ਮਹੀਨੇ ਪਹਿਲਾਂ ਹੀ ਹੋਈ ਹੈ। ਉਸ ਦੇ ਲੜਕੇ ਦੀ ਪਹਿਲੀ ਸ਼ਾਦੀ ਹੈ ਤੇ ਜਦਕਿ ਉਸ ਦੀ ਨੂੰਹ ਪਿੰਕੀ ਦਾ ਇਹ ਦੂਸਰਾ ਵਿਆਹ ਸੀ। ਜਸਪਾਲ ਸਿੰਘ ਮੁਤਾਬਕ ਉਸ ਦੀ ਛੋਟੀ ਲੜਕੀ ਸੁਮਨਦੀਪ ਕੌਰ ਹਾਕੀ ਦੀ ਨੈਸ਼ਨਲ ਖਿਡਾਰੀ ਸੀ ਤੇ ਉਹ ਐਮਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੜ੍ਹਾਈ ਕਰ ਰਹੀ ਸੀ। ਬਾਕੀ ਸਫ਼ਾ 2 'ਤੇ



## ਜਲੰਧਰ ਨੇੜੇ ਭਿਆਨਕ ਐਕਸੀਡੈਂਟ, ਬੱਚੇ ਸਣੇ ਚਾਰ ਲੋਕਾਂ ਦੀ ਮੌਤ

ਜਲੰਧਰ, 6 ਮਈ (ਆਵਾਜ਼ਿ ਕੌਮ ਬਿਊਰੋ)- ਜਲੰਧਰ ਜ਼ਿਲ੍ਹੇ ਵਿੱਚ ਮਕਸੂਦਾਂ ਅਧੀਨ ਪੈਂਦੇ ਪਿੰਡ ਰਾਓਵਾਲੀ ਨੇੜੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਸ ਹਾਦਸੇ ਵਿੱਚ ਇੱਕ ਬੱਚੇ ਦੀ ਮੌਤ ਵੀ ਦੱਸੀ ਜਾ ਰਹੀ ਹੈ। ਇਹ ਹਾਦਸਾ ਸਵੇਰੇ ਕਰੀਬ 5.30 ਵਜੇ ਵਾਪਰਿਆ। ਹਾਸਲ ਜਾਣਕਾਰੀ ਅਨੁਸਾਰ ਰਾਓਵਾਲੀ ਨੇੜੇ ਹਾਈਵੇਅ 'ਤੇ ਇੱਕ ਇਨੋਵਾ ਗੱਡੀ ਤੇ ਕਾਰ ਵਿਚਕਾਰ ਟੱਕਰ ਹੋ ਗਈ। ਕਾਰ ਵਿੱਚ ਸਵਾਰ ਚਾਰੇ ਵਿਅਕਤੀ ਮਾਤਾ ਵੈਸ਼ਨੋ ਦੇਵੀ ਦੇ ਦਰਬਾਰ ਤੋਂ ਮੱਥਾ ਟੇਕ ਕੇ ਵਾਪਸ ਆ ਰਹੇ ਸਨ। ਥਾਣਾ ਮਕਸੂਦਾ ਦੀ ਪੁਲਿਸ ਨੇ ਚਾਰਾਂ ਦੀਆਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਸ ਦੇ ਨਾਲ ਹੀ ਪੁਲਿਸ ਮਾਮਲੇ ਦੀ ਜਾਂਚ 'ਚ ਜੁਟੀ ਹੈ। ਪੁਲਿਸ ਜਲਦ ਹੀ ਮਾਮਲੇ ਦੀ ਜਾਂਚ ਕਰਕੇ ਅਗਲੀ ਕਾਰਵਾਈ ਕਰੇਗੀ। ਮਕਸੂਦਾ ਥਾਣੇ ਦੇ ਐਸਐਚਓ ਬਿਕਰਮ ਸਿੰਘ ਨੇ ਚਾਰਾਂ ਵਿਅਕਤੀਆਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਰੇ ਗਏ ਸਾਰੇ ਲੋਕ ਇੱਕ ਪਰਿਵਾਰ ਦੇ ਮੈਂਬਰ ਸਨ। ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰ ਲਏ ਗਏ ਹਨ। ਜਲਦੀ ਹੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

## ਅਮਰੀਕਾ ਤੋਂ ਬੁਰੀ ਖਬਰ ! ਹਾਰਟ ਅਟੈਕ ਨਾਲ ਇੱਕ ਹੋਰ ਨੌਜਵਾਨ ਦੀ ਮੌਤ

ਖਰੜ, 6 ਮਈ (ਆਵਾਜ਼ਿ ਕੌਮ ਬਿਊਰੋ)- ਅਮਰੀਕਾ ਤੋਂ ਬੁਰੀ ਖਬਰ ਆਈ ਹੈ। ਮੁਹਾਲੀ ਜ਼ਿਲ੍ਹੇ ਦੇ ਕਸਬਾ ਖਰੜ ਦੇ ਇੱਕ ਨੌਜਵਾਨ ਦੀ ਅਮਰੀਕਾ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਉਸ ਦੀ ਲਾਸ਼ ਖਰੜ ਸਥਿਤ ਉਸ ਦੇ ਘਰ ਲਿਆਂਦੀ ਗਈ ਹੈ। ਲਾਸ਼ ਘਰ ਪਹੁੰਚਦੇ ਹੀ ਪੂਰੇ ਘਰ 'ਚ ਮਾਤਮ ਦਾ ਮਾਹੌਲ ਬਣ ਗਿਆ। ਵਿਦੇਸ਼ਾਂ ਵਿੱਚ ਲਗਾਤਾਰ ਪੰਜਾਬੀ ਨੌਜਵਾਨਾਂ ਦੀਆਂ ਹਾਰਟ ਬਾਕੀ ਸਫ਼ਾ 2 'ਤੇ




### ਲੀਡਰਾਂ ਨੇ ਲਾਇਆ 'ਪੱਟਾਂ ਨੂੰ ਤੇਲ' !

# ਅੱਜ ਤੋਂ ਆਰੰਭ ਹੋ ਰਹੀਆਂ ਨੇ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ

### 'ਆਵਾਜ਼ਿ ਕੌਮ' ਦੀ ਵਿਸ਼ੇਸ਼ ਰਿਪੋਰਟ

ਪੰਜਾਬ ਵਿਚ ਲੋਕ ਸਭਾ ਚੋਣਾਂ 2024 ਲਈ ਨਾਮਜ਼ਦਗੀਆਂ ਦੀ ਸ਼ੁਰੂਆਤ 7 ਮਈ ਤੋਂ ਹੋ ਰਹੀ ਹੈ। ਇਨ੍ਹਾਂ ਚੋਣਾਂ ਨੂੰ ਸ਼ਾਂਤੀਪੂਰਵਕ, ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀਆਂ 13 ਸੀਟਾਂ ਲਈ ਜਨਰਲ ਅਤੇ ਪੁਲਿਸ ਆਬਜ਼ਰਵਰਾਂ ਦੀ ਨਿਯੁਕਤੀ ਕਰ ਦਿੱਤੀ ਹੈ। ਇਹ ਸਾਰੇ ਅਧਿਕਾਰੀ 14 ਮਈ ਤੋਂ ਆਪਣੀ ਡਿਊਟੀ ਸੰਭਾਲ ਲੈਣਗੇ। ਇਸ ਬਾਬਤ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਵੱਖ-ਵੱਖ ਸੂਬਿਆਂ ਦੇ 13 ਆਈ.ਏ.ਐਸ. ਅਧਿਕਾਰੀਆਂ ਨੂੰ ਜਨਰਲ ਆਬਜ਼ਰਵਰ ਲਾਇਆ ਗਿਆ ਹੈ ਜਦਕਿ 7 ਆਈ.ਪੀ.ਐਸ. ਅਧਿਕਾਰੀਆਂ ਨੂੰ ਪੁਲਿਸ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਇਹ ਸਾਰੇ ਅਧਿਕਾਰੀ ਚੋਣਾਂ ਦੌਰਾਨ ਭਾਰਤੀ ਚੋਣ ਕਮਿਸ਼ਨ ਦੀਆਂ ਚੋਣ ਜ਼ਾਬਤੇ ਸਬੰਧੀ ਨਿਯਮਾਂ ਅਤੇ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਆਪਣੀ ਡਿਊਟੀ ਨਿਭਾਉਣਗੇ। ਜਿਨ੍ਹਾਂ ਅਧਿਕਾਰੀਆਂ ਨੂੰ ਜਨਰਲ ਆਬਜ਼ਰਵਰ ਲਾਇਆ ਗਿਆ ਹੈ, ਉਨ੍ਹਾਂ ਵਿਚ ਗੁਰਦਾਸਪੁਰ ਲੋਕ ਸਭਾ ਸੀਟ ਲਈ ਕੇ.ਮਹੇਸ਼ (2009 ਬੈਚ), ਅੰਮ੍ਰਿਤਸਰ ਲਈ ਸਿਧਾਰਥ ਜੈਨ (2001), ਖਡੂਰ ਸਾਹਿਬ ਲਈ ਅਭੀਮੰਨਿਊ ਕੁਮਾਰ (2011), ਜਲੰਧਰ ਲਈ ਜੇ.ਮੇਘਾਨਾਥ ਰੈਡੀ (2013), ਹੁਸ਼ਿਆਰਪੁਰ ਲਈ ਡਾ. ਆਰ ਆਨੰਦਕੁਮਾਰ (2003), ਆਨੰਦਪੁਰ ਸਾਹਿਬ ਲਈ ਡਾ. ਹੀਰਾ ਲਾਲ (2010), ਲੁਧਿਆਣਾ ਲਈ ਦਿਵਿਆ ਮਿੱਤਲ (2013), ਫਤਹਿਗੜ੍ਹ ਸਾਹਿਬ ਲਈ ਰਾਕੇਸ਼ ਸ਼ੰਕਰ (2004), ਫਰੀਦਕੋਟ ਲਈ ਰੂਹੀ ਖਾਨ (2013), ਫਿਰੋਜ਼ਪੁਰ ਲਈ ਕਪਿਲ ਮੀਨਾ (2010), ਬਠਿੰਡਾ ਲਈ ਡਾ. ਐਸ ਪ੍ਰਭਾਕਰ (2009), ਸੰਗਰੂਰ ਲਈ ਸ਼ਨਾਵਸ ਐਸ (2012), ਅਤੇ ਪਟਿਆਲਾ ਲੋਕ ਸਭਾ ਸੀਟ ਲਈ ਓਮ ਪ੍ਰਕਾਸ਼ ਬਕੋਰੀਆ (2006) ਨੂੰ ਨਿਯੁਕਤ ਕੀਤਾ ਗਿਆ ਹੈ। ਬਾਕੀ ਸਫ਼ਾ 2 'ਤੇ

## ਬਗੈਰ ਉਮੀਦਵਾਰ ਐਲਾਨੇ ਹੀ ਸ਼ੇਰ ਸਿੰਘ ਘੁਬਾਇਆ ਨੇ ਸ਼ੁਰੂ ਕੀਤਾ ਚੋਣ ਪ੍ਰਚਾਰ, ਰੱਬ ਭਰੋਸੇ ਮੈਦਾਨ 'ਚ ਉੱਤਰਿਆ



ਫਿਰੋਜ਼ਪੁਰ, 6 ਮਈ (ਆਵਾਜ਼ਿ ਕੌਮ ਬਿਊਰੋ)- ਲੋਕ ਸਭਾ ਚੋਣਾਂ ਲਈ ਪੰਜਾਬ ਵਿੱਚ ਕਾਂਗਰਸ ਨੇ ਹਾਲੇ ਤੱਕ ਸਾਰੀਆਂ ਸੀਟਾਂ 'ਤੇ ਉਮੀਦਵਾਰ ਨਹੀਂ ਐਲਾਨੇ ਹਨ। ਇਸ ਲਿਸਟ ਵਿੱਚ ਫਿਰੋਜ਼ਪੁਰ ਲੋਕ ਸਭਾ ਹਲਕਾ ਵੀ ਸ਼ਾਮਲ ਹੈ ਜਿੱਥੇ ਹਾਲੇ ਤੱਕ ਕਾਂਗਰਸ ਪਾਰਟੀ ਉਮੀਦਵਾਰ ਦਾ ਚਿਹਰਾ ਲੱਭ ਰਹੀ ਹੈ। ਪਰ ਇਸ ਦਰਮਿਆਨ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਸ਼ੇਰ ਸਿੰਘ ਘੁਬਾਇਆ ਨੇ ਆਪਣੇ ਵੱਲੋਂ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਸ਼ੇਰ ਸਿੰਘ ਘੁਬਾਇਆ ਰੱਬ ਦੇ ਭਰੋਸੇ 'ਤੇ ਚੋਣ ਮੈਦਾਨ 'ਚ ਤਾਂ ਨਿੱਤਰ ਆਏ ਹਨ ਪਰ ਕੀ ਕਾਂਗਰਸ ਉਹਨਾਂ ਨੂੰ ਉਮੀਦਵਾਰ ਬਣਾਏਗੀ ਵੀ ਜਾਂ ਨਹੀਂ। ਕਿਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਵਾਂਗ ਨਾ ਹੋ ਜਾਵੇ। ਜਿਵੇਂ ਉਹਨਾਂ ਨੇ ਐਲਾਨ ਤੋਂ ਪਹਿਲਾਂ ਹੀ ਬਠਿੰਡਾ ਵਿੱਚ ਘਰ ਘਰ ਜਾਣਾ ਸ਼ੁਰੂ ਕਰ ਬਾਕੀ ਸਫ਼ਾ 2 'ਤੇ

### ਕਾਂਗਰਸੀ ਉਮੀਦਵਾਰ ਚੰਨੀ ਦਾ ਖਹਿੜਾ ਨਹੀਂ ਛੱਡ ਰਹੇ ਪੁਰਾਣੇ ਵਿਵਾਦ

## ਜਲੰਧਰ 'ਚ ਲੱਗੇ ਨਾਅਰੇ, ਠਰਕੀ ਚੰਨੀ ਹਾਏ-ਹਾਏ



ਜਲੰਧਰ, 6 ਮਈ (ਆਵਾਜ਼ਿ ਕੌਮ ਬਿਊਰੋ)- ਜਲੰਧਰ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਵਿਰੋਧ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਤਾਜ਼ਾ ਮਾਮਲੇ ਵਿੱਚ ਚੰਨੀ ਜਦੋਂ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਦੇ ਹਲਕੇ ਵਿੱਚ ਪ੍ਰਚਾਰ ਕਰਨ ਗਏ ਤਾਂ ਮਹਿਲਾਵਾਂ ਨੇ ਕਾਲੀਆਂ ਝੰਡੀਆਂ ਦਿਖਾ ਕੇ ਠਰਕੀ ਚੰਨੀ ਹਾਏ-ਹਾਏ ਦਾ ਨਾਅਰੇ ਲਾਏ। ਪ੍ਰਦਰਸ਼ਨਕਾਰੀ ਔਰਤਾਂ ਨੇ ਕਿਹਾ ਕਿ, ਔਰਤਾਂ ਪ੍ਰਤੀ ਚੰਨੀ ਦਾ ਰਵੱਈਆ ਹਮੇਸ਼ਾ ਗ.ਲਤ ਰਿਹਾ ਹੈ ਜਿਸ ਕਰਕੇ ਚੰਨੀ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਜਾ ਰਹੀ ਹੈ। ਇਸ ਦੌਰਾਨ ਮੌਕੇ ਉੱਤੇ ਪਹੁੰਚੀ ਪੁਲਿਸ ਨੇ ਮਾਮਲੇ ਨੂੰ ਸ਼ਾਂਤ ਕਰਵਾਇਆ।

### ਕੀ ਹੈ ਪੋਸਟਰ ਵਿਵਾਦ ?



**ਜ਼ਿਕਰ ਕਰ ਦਈਏ ਕਿ ਬੀਤੇ ਦਿਨੀਂ ਚਰਨਜੀਤ ਸਿੰਘ ਚੰਨੀ ਦੇ** ਇੱਕ ਮਹਿਲਾ ਦੀ ਪਿੱਠ ਉੱਤੇ ਹੱਥ ਰੱਖਣ ਦੀ ਫੋਟੋ ਦੇ ਪੋਸਟਰ ਬਣਾ ਕੇ ਕੰਧਾ ਉੱਤੇ ਲਾਏ ਗਏ ਸੀ ਜਿਸ ਉੱਤੇ ਲਿਖਿਆ ਗਿਆ ਸੀ ਕਿ ਸਾਵਧਾਨ-ਹੋਸ਼ਿਆਰ, ਬਚੋ--ਬਚੋ, ਇਹ ਨੇ ਚਰਨਜੀਤ ਸਿੰਘ ਚੰਨੀ ਜਲੰਧਰ ਤੋਂ ਲੋਕ ਸਭਾ ਸੀਟ ਦੇ ਉਮੀਦਵਾਰ, ਇਸ ਤੋਂ ਬਾਅਦ ਵੀ ਫਿਲੌਰ ਬਾਕੀ ਸਫ਼ਾ 2 'ਤੇ

### ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੇ ਕੀਤਾ ਵੱਡਾ ਐਲਾਨ

## 'ਜੇ ਚੋਣਾਂ ਜਿੱਤੀ ਤਾਂ ਛੱਡ ਦੇਵਾਂਗੀ ਫਿਲਮਾਂ, ਸਿਆਸਤ 'ਚ ਰਹਾਂਗੀ..'



ਮੰਡੀ, 6 ਮਈ (ਆਵਾਜ਼ਿ ਕੌਮ ਬਿਊਰੋ)- ਬਾਲੀਵੁੱਡ ਦੀ ਕੁਈਨ ਕੰਗਨਾ ਰਣੌਤ ਇਸ ਵਾਰ ਲੋਕ ਸਭਾ ਚੋਣਾਂ 'ਚ ਭਾਜਪਾ ਦੀ ਉਮੀਦਵਾਰ ਹੈ। ਉਸ ਨੂੰ ਹਿਮਾਚਲ ਪ੍ਰਦੇਸ਼ ਦੀ ਮੰਡੀ ਤੋਂ ਟਿਕਟ ਮਿਲੀ ਹੈ। ਮੰਡੀ ਦੀ ਧੀ ਕੰਗਨਾ ਜ਼ੋਰਾਂ-ਸ਼ੋਰਾਂ ਨਾਲ ਚੋਣ ਪ੍ਰਚਾਰ ਵਿੱਚ ਲੱਗੀ ਹੋਈ ਹੈ। ਉਸ ਨੂੰ ਉਮੀਦ ਹੈ ਕਿ ਉਹ ਇਸ ਚੋਣ ਵਿੱਚ ਜਿੱਤ ਹਾਸਲ ਕਰੇਗੀ। ਕੰਗਨਾ ਨੇ ਇੱਕ ਇੰਟਰਵਿਊ 'ਚ ਫਿਲਮਾਂ, ਲੋਕ ਸਭਾ ਚੋਣਾਂ ਅਤੇ ਰਾਜਨੀਤੀ ਬਾਰੇ ਗੱਲ ਕੀਤੀ। ਇੱਥੇ ਕੰਗਨਾ ਨੇ ਆਪਣੇ ਫਿਲਮੀ ਕਰੀਅਰ ਨੂੰ ਲੈ ਕੇ ਵੱਡਾ ਐਲਾਨ ਕੀਤਾ ਹੈ। ਕੰਗਨਾ ਨੇ ਸੰਕੇਤ ਦਿੱਤਾ ਕਿ ਜੇਕਰ ਉਹ ਲੋਕ ਸਭਾ ਚੋਣਾਂ ਜਿੱਤਦੀ ਹੈ ਤਾਂ ਉਹ ਹੌਲੀ-ਹੌਲੀ ਸ਼ੋਅਬਿਜ਼ ਦੀ ਦੁਨੀਆ ਨੂੰ ਛੱਡ ਸਕਦੀ ਹੈ। ਕਿਉਂਕਿ ਉਹ ਸਿਰਫ਼ ਇੱਕ ਕੰਮ 'ਤੇ ਧਿਆਨ ਦੇਣਾ ਚਾਹੇਗੀ। ਕੰਗਨਾ ਤੋਂ ਪੁੱਛਿਆ ਗਿਆ - ਉਹ ਫਿਲਮਾਂ ਅਤੇ ਰਾਜਨੀਤੀ ਨੂੰ ਕਿਵੇਂ ਸੰਭਾਲੇਗੀ ? ਇਸ 'ਤੇ ਅਦਾਕਾਰਾ ਨੇ ਕਿਹਾ, 'ਮੈਂ ਫਿਲਮਾਂ 'ਚ ਐਕਟਿੰਗ ਵੀ ਕਰਦੀ ਹਾਂ, ਰੋਲ ਵੀ ਕਰਦੀ ਹਾਂ ਅਤੇ ਡਾਇਰੈਕਟ ਵੀ ਕਰਦੀ ਹਾਂ। ਜੇਕਰ ਮੈਂ ਰਾਜਨੀਤੀ ਵਿੱਚ ਇਹ ਸੰਭਾਵਨਾ ਵੇਖਦੀ ਹਾਂ ਕਿ ਲੋਕ ਮੇਰੇ ਨਾਲ ਜੁੜ ਰਹੇ ਹਨ, ਤਾਂ ਮੈਂ ਰਾਜਨੀਤੀ ਹੀ ਕਰਾਂਗੀ। ਆਦਰਸ਼ਕ ਤੌਰ 'ਤੇ ਮੈਂ ਸਿਰਫ਼ ਇੱਕ ਕੰਮ ਕਰਨਾ ਚਾਹਾਂਗੀ। "ਜੇ ਮੈਨੂੰ ਲੱਗਦਾ ਹੈ ਕਿ ਲੋਕਾਂ ਨੂੰ ਮੇਰੀ ਲੋੜ ਹੈ ਤਾਂ ਮੈਂ ਉਸ ਦਿਸ਼ਾ ਵੱਲ ਜਾਵਾਂਗੀ। ਬਾਕੀ ਸਫ਼ਾ 2 'ਤੇ

### Poonch Terrorist Attack

## ਪਾਕਿਸਤਾਨੀ ਅੱਤਵਾਦੀਆਂ ਦਾ ਸਕੈਚ ਜਾਰੀ, ਜਾਣਕਾਰੀ ਦੇਣ ਵਾਲੇ ਨੂੰ 20 ਲੱਖ ਦਾ ਇਨਾਮ ਦੇਣ ਦਾ ਐਲਾਨ

ਜੰਮੂ-ਕਸ਼ਮੀਰ, 6 ਮਈ (ਆਵਾਜ਼ਿ ਕੌਮ ਬਿਊਰੋ)- ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ





ਭਾਰਤੀ ਹਵਾਈ ਸੈਨਾ ਦੇ ਕਾਫ਼ਲੇ 'ਤੇ ਹੋਏ ਅੱਤਵਾਦੀ ਹਮਲੇ ਵਿੱਚ ਸ਼ਾਮਲ ਦੋ ਅੱਤਵਾਦੀਆਂ 'ਤੇ 20 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦੋਵਾਂ ਪਾਕਿਸਤਾਨੀ ਅੱਤਵਾਦੀਆਂ ਦੇ ਸਕੈਚ ਵੀ ਜਾਰੀ ਕੀਤੇ ਗਏ ਹਨ ਅਤੇ ਸੁਰੱਖਿਆ ਬਲਾਂ ਦੀ ਟੀਮ ਅੱਤਵਾਦੀਆਂ ਨੂੰ ਫੜਨ ਲਈ ਤਲਾਸ਼ੀ ਮੁਹਿੰਮ ਵੀ ਚਲਾ ਰਹੀ ਹੈ। ਦਰਅਸਲ, ਸ਼ਨੀਵਾਰ (4 ਮਈ) ਦੀ ਸ਼ਾਮ ਨੂੰ ਪੁੰਛ ਜ਼ਿਲ੍ਹੇ ਦੇ ਸ਼ਾਹਸਿਤਰ ਨੇੜੇ ਅੱਤਵਾਦੀਆਂ ਨੇ ਭਾਰਤੀ ਹਵਾਈ ਸੈਨਾ ਦੇ ਕਾਫਲੇ 'ਤੇ ਹਮਲਾ ਕੀਤਾ ਸੀ। ਇਸ ਹਮਲੇ ਵਿੱਚ ਫ਼ੌਜ ਦਾ ਇੱਕ ਸਿਪਾਹੀ ਵਿੱਕੀ ਪਹਾੜੇ ਇਲਾਜ ਦੌਰਾਨ ਸ਼ਹੀਦ ਹੋ ਗਿਆ ਸੀ ਤੇ ਫ਼ੌਜ ਦੇ ਚਾਰ ਹੋਰ ਜਵਾਨ ਜ਼ਖ਼ਮੀ ਹੋ ਗਏ ਸਨ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਕ, ਅੱਤਵਾਦੀ ਹਮਲੇ ਤੋਂ ਬਾਅਦ ਹਥਿਆਰਬੰਦ ਬਲਾਂ ਦੇ ਜਵਾਨ ਸ਼ਾਹਸਿਤਰ ਇਲਾਕੇ 'ਚ ਤਲਾਸ਼ੀ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਨੇ ਅੱਤਵਾਦੀਆਂ ਦਾ ਪਤਾ ਲਗਾਉਣ ਲਈ ਹਥਿਆਰਬੰਦ ਬੁਲੇਟਪਰੂਫ ਵਾਹਨ ਅਤੇ ਕੁੱਤਿਆਂ ਦੇ ਦਸਤੇ ਤਾਇਨਾਤ ਕੀਤੇ ਹਨ। ਇਸ ਤੋਂ ਪਹਿਲਾਂ ਐਤਵਾਰ ਨੂੰ ਕਈ ਸੀਨੀਅਰ ਅਧਿਕਾਰੀਆਂ ਨੇ ਵੀ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ ਸੀ। ਵਧੀਕ ਡਾਇਰੈਕਟਰ ਜਨਰਲ ਨੇ ਕਿਹਾ ਕਿ 16 ਕੋਰ ਦੇ ਕੋਰ ਕਮਾਂਡਰ ਅਤੇ ਜੰਮੂ ਜ਼ੋਨ ਦੇ ਏਡੀਜੀ ਆਨੰਦ ਜੈਨ ਜੀਓਸੀ ਰੋਮੀਓ ਫੋਰਸ, ਆਈਜੀਪੀ ਬਾਕੀ ਸਫ਼ਾ 2 'ਤੇ

### ਸੁਖਪਾਲ ਖਹਿਰਾ ਨੇ ਕੱਢ ਲਿਆਂਦੇ ਸਬੂਤ ?

## 'ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਸਰਕਾਰ ਦਾ ਹੱਥ'

ਸੰਗਰੂਰ, 6 ਮਈ (ਆਵਾਜ਼ਿ ਕੌਮ ਬਿਊਰੋ)- ਦੋ ਸਾਲ



ਪਹਿਲਾਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਮਾਨਸਾ ਦੇ ਪਿੰਡ ਜਵਾਹਰਕੇ ਵਿੱਚ ਕਤਲ ਕਰ ਦਿੱਤਾ ਗਿਆ ਸੀ ਕਿਉਂਕਿ ਉਸ ਦੀ ਸੁਰੱਖਿਆ ਹਟਾ ਦਿੱਤੀ ਗਈ ਸੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਸੁਖਪਾਲ ਖਹਿਰਾ ਨੇ ਲਾਈਵ ਹੋ ਕੇ ਕੀਤਾ। ਪੰਜਾਬ ਸਰਕਾਰ 'ਤੇ ਹਮਲਾ ਕਰਦਿਆਂ ਸੁਖਪਾਲ ਖਹਿਰਾ ਨੇ ਕਿਹਾ ਕਿ ਸੁਰੱਖਿਆ ਹਟਾਏ ਜਾਣ ਕਾਰਨ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ ਸੀ ਅਤੇ ਸਰਕਾਰ ਨੇ ਹੁਣ ਸੁਪਰੀਮ ਕੋਰਟ 'ਚ ਵੀ ਮੰਨਿਆ ਹੈ ਕਿ ਸੁਰੱਖਿਆ ਹਟਾ ਕੇ ਵੱਡੀ ਗਲਤੀ ਕੀਤੀ ਹੈ। ਸੁਖਪਾਲ ਖਹਿਰਾ ਨੇ ਮੂਸੇਵਾਲਾ ਦੇ ਕਤਲ ਨੂੰ ਲੈ ਕੇ ਪੰਜਾਬ ਦੀ 'ਆਪ' ਸਰਕਾਰ 'ਤੇ ਗੰਭੀਰ ਇਲਜ਼ਾਮ ਲਾਏ। ਖਹਿਰਾ ਨੇ ਮੂਸੇਵਾਲਾ ਦੇ ਕਤਲ ਪਿੱਛੇ ਪੰਜਾਬ ਦੀ 'ਆਪ' ਸਰਕਾਰ ਦੇ ਨਾਲ-ਨਾਲ ਭਾਜਪਾ 'ਤੇ ਨਿਸ਼ਾਨਾ ਸਾਧਿਆ ਹੈ। ਖਹਿਰਾ ਨੇ ਕਿਹਾ ਕਿ ਮੂਸੇਵਾਲਾ ਦੇ ਕਤਲ ਪਿੱਛੇ ਸਰਕਾਰ ਦੇ ਹੱਥ ਹਨ ਜਿਸ ਨੇ ਪਹਿਲਾਂ ਮੂਸੇਵਾਲਾ ਦੀ ਸੁਰੱਖਿਆ ਹਟਾਈ ਅਤੇ ਫਿਰ 48 ਘੰਟਿਆਂ ਬਾਕੀ ਸਫ਼ਾ 2 'ਤੇ

## ਪ੍ਰਨੀਤ ਕੌਰ ਉਸ ਪਾਰਟੀ ਦਾ ਹਿੱਸਾ ਜੋ 750 ਕਿਸਾਨਾਂ ਦੀ ਕਾਤਲ: ਡਾ. ਧਰਮਵੀਰ ਗਾਂਧੀ

ਪਟਿਆਲਾ (ਨਾਭਾ), 6 ਮਈ (ਆਵਾਜ਼ਿ ਕੌਮ ਬਿਊਰੋ)-



ਜਿਵੇਂ-ਜਿਵੇਂ ਤਾਪਮਾਨ ਵਧਦਾ ਜਾ ਰਿਹਾ ਹੈ, ਉਸੇ ਤਰ੍ਹਾਂ ਹੀ ਲੋਕ ਸਭਾ ਦਾ ਸਿਆਸੀ ਅਖਾੜਾ ਵੀ ਲਗਾਤਾਰ ਭੱਖਦਾ ਜਾ ਰਿਹਾ ਹੈ। ਇਸ ਤਹਿਤ ਨਾਭਾ ਵਿਖੇ ਪਹੁੰਚੇ ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੇ ਦਫਤਰ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ, ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਹਾਜ਼ਰ ਰਹੇ। ਇਸ ਮੌਕੇ ਧਰਮਵੀਰ ਗਾਂਧੀ ਨੇ ਬੀਜੇਪੀ ਉਮੀਦਵਾਰ ਪ੍ਰਨੀਤ ਕੌਰ ਉਪਰ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਬੀਤੇ ਦਿਨੀਂ ਬੀਜੇਪੀ ਦੀ ਉਮੀਦਵਾਰ ਦੇ ਪ੍ਰਚਾਰ ਵਿੱਚ ਧੱਕਾ-ਮੁੱਕੀ ਦੌਰਾਨ ਕਿਸਾਨ ਦੀ ਮੌਤ ਹੋ ਗਈ। ਇਸ ਸਬੰਧੀ ਮਾਮਲਾ ਦਰਜ ਕੀਤਾ ਗਿਆ ਹੈ ਪਰ ਪ੍ਰਨੀਤ ਕੌਰ ਬਾਕੀ ਸਫ਼ਾ 2 'ਤੇ

ਆਵਾਜ਼ਿ ਕੌਮ AWAZE QAUM

### ਐਡਵੋਕੇਟ ਧਾਮੀ ਨੇ ਫਿਰੋਜ਼ਪੁਰ ਦੇ ਪਿੰਡ ਬੰਡਾਲਾ 'ਚ ਹੋਈ ਬੇਅਦਬੀ ਦੀ ਕੀਤੀ ਸਖ਼ਤ ਨਿੰਦਾ

# ਸ਼੍ਰੋਮਣੀ ਕਮੇਟੀ ਦੀ ਟੀਮ ਨੇ ਘਟਨਾ ਵਾਲੀ ਥਾਂ ਤੋਂ ਸਮੁੱਚੀ ਰਿਪੋਰਟ ਭੇਜੀ

**ਅੰਮ੍ਰਿਤਸਰ, 5 ਮਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਵਿਖੇ ਗੁਰਦੁਆਰਾ ਸਾਹਿਬ ਬਾਬਾ ਬੀਰ ਸਿੰਘ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਗਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਅਸਫਲ



ਆਵਾਜ਼ਿ ਕੌਮ AWAZE QAUM International Newspaper & WEB TV

ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਿਸੇ ਵੱਡੀ ਸਾਜ਼ਸ਼ ਦਾ ਹਿੱਸਾ ਹਨ, ਜਿਸ ਪਿਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸ਼ਾਹਮਣੇ ਲਿਆਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪੁਲਿਸ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਅਤੇ ਮਿਸਾਲੀ ਸਜ਼ਾਵਾਂ ਨਾ ਦਿੱਤੇ ਜਾਣ ਦੇ ਕਾਰਨ ਹੀ ਸੰਗਤ ਅੰਦਰ ਭਾਰੀ ਰੋਸ ਅਤੇ ਰੋਹ ਪੈਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਤੰਤਰ ਰਾਹੀਂ ਫਿਰੋਜ਼ਪੁਰ ਦੀ ਬੇਅਦਬੀ ਘਟਨਾ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਨਸ਼ਰ ਕਰੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਅੰਦਰ ਸੀਸੀਟੀਵੀ ਕੈਮਰੇ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਦੇ ਪੁਖਤਾ ਇਤਜ਼ਾਮ ਕਰਨ ਅਤੇ ਪਹਿਰੇਦਾਰੀ ਲਈ ਹਰ ਸਮੇਂ ਸੇਵਾਦਾਰ ਗੁਰਦੁਆਰਾ ਸਾਹਿਬਾਨ 'ਚ ਹਾਜ਼ਰ ਰਹਿਣ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਹਲਕਾ ਮੈਂਬਰ ਸ. ਦਰਸ਼ਨ ਸਿੰਘ ਸ਼ੇਰ ਖਾਂ, ਗੁਰਦੁਆਰਾ ਜਾਮਨੀ ਸਾਹਿਬ ਬਜ਼ੀਦਪੁਰ ਫਿਰੋਜ਼ਪੁਰ ਤੋਂ ਐਡੀਸ਼ਨਲ ਮੈਨੇਜਰ ਸ. ਜਸਪਾਲ ਸਿੰਘ, ਹੈੱਡ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ, ਗ੍ਰੰਥੀ ਗਿਆਨੀ ਗੁਰਭਜਨ ਸਿੰਘ, ਪ੍ਰਚਾਰਕ ਸ. ਸੁਖਵਿੰਦਰ ਸਿੰਘ ਅਤੇ ਹੋਰ ਨੁਮਾਇੰਦੀਆਂ ਨੇ ਘਟਨਾ ਵਾਲੀ ਥਾਂ ਪਿੰਡ ਬੰਡਾਲਾ ਵਿਖੇ ਪੁੱਜ ਕੇ ਸਮੁੱਚੀ ਜਾਣਕਾਰੀ ਲੈਣ ਉਪਰੰਤ ਰਿਪੋਰਟ ਭੇਜੀ ਹੈ ਜੋ ਅਗਲੀ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜ ਦਿੱਤੀ ਜਾਵੇਗੀ।



ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਮੌਕੇ ਤੋਂ ਪ੍ਰਾਪਤ ਕੀਤੀ ਸੀਸੀਟੀਵੀ ਕੈਮਰੇ ਦੀ ਰਿਕਾਰਡਿੰਗ ਤੋਂ ਬਿਲਕੁਲ ਸਪਸ਼ਟ ਹੁੰਦਾ ਹੈ ਕਿ ਮਿਤੀ 4 ਮਈ ਨੂੰ ਇਸ ਘਟਨਾ ਦੇ ਦੋਸ਼ੀ ਨੇ ਗੁਰੂ ਘਰ ਦੇ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਫਾੜੇ ਅਤੇ ਅੰਗ ਨਾਲ ਲੈ ਕੇ ਗੁਰੂ ਘਰ ਤੋਂ ਬਾਹਰ ਚਲਾ ਗਿਆ। ਉਨ੍ਹਾਂ ਕਿਹਾ ਕਿ ਦੋਸ਼ੀ ਵੱਲੋਂ ਖੰਡਿਤ ਕੀਤਾ ਗਿਆ ਪਾਵਨ ਸਰੂਪ ਵੀ ਆਉਂਦੇ ਦਿਨਾਂ ਵਿੱਚ ਮਰਯਾਦਾ ਅਨੁਸਾਰ ਸੁਰੱਖਿਅਤ ਰੱਖ ਲਿਆ ਜਾਵੇਗਾ।

## .... ਸਫ਼ਾ-1 ਦਾ ਬਾਕੀ ....

### ਲੀਡਰਾਂ ਨੇ ਲਾਇਆ 'ਪੱਟਾਂ ਨੂੰ ਤੇਲ'...

ਇਸੇ ਤਰ੍ਹਾਂ ਪੁਲਿਸ ਆਬਜ਼ਰਵਰਾਂ ਵਿਚ ਗੁਰਦਾਸਪੁਰ ਤੇ ਹੁਸ਼ਿਆਰਪੁਰ ਲੋਕ ਸਭਾ ਸੀਟਾਂ ਲਈ ਕੁਸ਼ਾਲ ਪਾਲ ਸਿੰਘ (2014 ਬੈਚ), ਅੰਮ੍ਰਿਤਸਰ ਤੇ ਖਡੂਰ ਸਾਹਿਬ ਲਈ ਸਵੇਤਾ ਸ੍ਰੀਮਾਲੀ (2010), ਜਲੰਧਰ ਤੇ ਲੁਧਿਆਣਾ ਲਈ ਸਤੀਸ਼ ਕੁਮਾਰ ਗਜਭੀਏ (2002), ਆਨੰਦਪੁਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਲਈ ਸੰਦੀਪ ਗਜਾਨਨ ਦੀਵਾਨ (2010), ਬਠਿੰਡਾ ਤੇ ਫਰੀਦਕੋਟ ਲਈ ਬੀ. ਸ਼ੰਕਰ ਜੈਸਵਾਲ (2001), ਫਿਰੋਜ਼ਪੁਰ ਲਈ ਏ.ਆਰ. ਦਮੋਧਰ (2013) ਅਤੇ ਸੰਗਰੂਰ ਤੇ ਪਟਿਆਲਾ ਲੋਕ ਸਭਾ ਸੀਟਾਂ ਲਈ ਅਮੀਰ ਜਾਵੇਦ (2012) ਨੂੰ ਨਿਯੁਕਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 15 ਖਰਚਾ ਆਬਜ਼ਰਵਰਾਂ ਦੀ ਨਿਯੁਕਤੀ ਵੀ ਹੋ ਚੁੱਕੀ ਹੈ, ਜੋ ਕਿ ਆਈ.ਆਰ.ਐਸ. ਅਧਿਕਾਰੀ ਹਨ।

### ਬਗੈਰ ਉਮੀਦਵਾਰ ਐਲਾਨੇ ਹੀ ਸ਼ੇਰ ਸਿੰਘ ਘੁਬਾਇਆ ਨੇ...

ਦਿੱਤਾ ਸੀ ਤੇ ਐਨ ਮੌਕੇ 'ਤੇ ਪਾਰਟੀ ਨੇ ਬਠਿੰਡਾ ਤੋਂ ਉਸ ਪਰਿਵਾਰ ਨੂੰ ਟਿਕਟ ਦਿੱਤੀ ਹੀ ਨਹੀਂ ਸੀ। ਦੂਜੇ ਪਾਸੇ ਸ਼ੇਰ ਸਿੰਘ ਘੁਬਾਇਆ ਵੀ ਪ੍ਰਚਾਰ ਵਿੱਚ ਡੱਟ ਗਏ ਹਨ ਪਰ ਹਾਲੇ ਤੱਕ ਪਾਰਟੀ ਨੇ ਇਹਨਾਂ ਨੂੰ ਉਮੀਦਵਾਰ ਨਹੀਂ ਬਣਾਇਆ ਹੈ। ਸ਼ੇਰ ਸਿੰਘ ਘੁਬਾਇਆ ਨੇ ਦਾਅਵਾ ਕੀਤਾ ਹੈ ਕਿ ਉਹਨਾਂ ਨੂੰ ਪ੍ਰਤਾਪ ਸਿੰਘ ਬਾਜਵਾ ਦਾ ਦੋ ਦਿਨ ਪਹਿਲਾਂ ਫੋਨ ਆਇਆ ਸੀ ਅਤੇ ਉਹਨਾਂ ਨੇ ਕਿਹਾ ਕਿ ਤੁਹਾਡੀ ਟਿਕਟ ਪੱਕੀ ਹੈ ਤੁਸੀਂ ਮੈਦਾਨ ਵਿੱਚ ਉੱਤਰੋ ਜਿਸ ਤੋਂ ਬਾਅਦ ਘੁਬਾਇਆ ਦੇ ਵੱਲੋਂ ਅੱਜ ਪਿੰਡ ਟਾਲੀਵਾਲਾ ਤੋਂ ਆਪਣਾ ਚੋਣ ਪ੍ਰਚਾਰ ਰਸਮੀ ਤੌਰ ਤੇ ਸ਼ੁਰੂ ਕਰ ਦਿੱਤਾ ਗਿਆ।

### ਕੀ ਹੈ ਪੋਸਟਰ ਵਿਵਾਦ ?...

ਤੋਂ ਕਾਂਗਰਸ ਦੇ ਵਿਧਾਇਕ ਬਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਵਿੱਚ ਲੋਕ ਕਹਿ ਰਹੇ ਹਨ ਕਿ ਘਰ-ਘਰ ਚੱਲੀ ਗੱਲ ਚੰਨੀ ਕਰਦਾ ਗੰਦੀ ਗੱਲ ਜ਼ਿਕਰ ਕਰ ਦਈਏ ਕਿ ਬੀਤੇ ਦਿਨੀਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਕਿਹਾ ਸੀ ਕਿ ਪੁੰਛ 'ਚ ਅੱਤਵਾਦੀ ਹਮਲਾ ਭਾਜਪਾ ਦਾ ਸਟੰਟ ਸੀ। ਇਸ ਤੋਂ ਬਾਅਦ ਜਦੋਂ ਉਹ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਹਲਕੇ ਵਿੱਚ ਪ੍ਰਚਾਰ ਕਰਨ ਲਈ ਜਾਂਦੇ ਹਨ ਤਾਂ ਉੱਥੇ ਉਨ੍ਹਾਂ ਦਾ ਵਿਰੋਧ ਹੋ ਜਾਂਦਾ ਹੈ।

### ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੇ ਕੀਤਾ...

ਜੇਕਰ ਮੈਂ ਮੰਡੀ ਤੋਂ ਜਿੱਤਦੀ ਹਾਂ ਤਾਂ ਹੀ ਰਾਜਨੀਤੀ ਕਰਾਂਗੀ। ਕਈ ਫ਼ਿਲਮਸਾਜ਼ ਕਹਿੰਦੇ ਹਨ ਕਿ ਰਾਜਨੀਤੀ ਵਿੱਚ ਨਾ ਜਾਓ। ਤੁਹਾਨੂੰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਾ ਚਾਹੀਦਾ ਹੈ। ਇਹ ਚੰਗਾ ਨਹੀਂ ਹੈ ਕਿ ਲੋਕ ਮੇਰੀਆਂ ਨਿੱਜੀ ਇੱਛਾਵਾਂ ਕਾਰਨ ਸਫ਼ਰ ਕਰ ਰਹੇ ਹਨ। ਮੈਂ ਇੱਕ ਵਿਸ਼ੇਸ਼-ਸਨਮਾਨ ਵਾਲਾ ਜੀਵਨ ਬਤੀਤ ਕੀਤਾ ਹੈ, ਜੇਕਰ ਹੁਣ ਮੈਨੂੰ ਲੋਕਾਂ ਨਾਲ ਜੁੜਨ ਦਾ ਮੌਕਾ ਮਿਲਦਾ ਹੈ, ਤਾਂ ਮੈਂ ਇਸ ਦਾ ਫਾਇਦਾ ਜ਼ਰੂਰ ਚੁੱਕਾਂਗੀ। ਮੈਨੂੰ ਲਗਦਾ ਹੈ ਕਿ ਸਭ ਤੋਂ ਪਹਿਲਾਂ ਤੁਹਾਨੂੰ ਲੋਕਾਂ ਨੂੰ ਤੁਹਾਡੇ ਤੋਂ ਉਮੀਦਾਂ ਨਾਲ ਇਨਸਾਫ ਕਰਨਾ ਚਾਹੀਦਾ ਹੈ। ਅਭਿਨੇਤਰੀ ਨੂੰ ਪੁੱਛਿਆ ਗਿਆ ਸੀ ਕਿ ਰਾਜਨੀਤੀ ਦੀ ਜ਼ਿੰਦਗੀ ਫਿਲਮਾਂ ਨਾਲੋਂ ਬਿਲਕੁਲ ਵੱਖਰੀ ਹੈ। ਕੀ ਇਹ ਸਭ ਉਨ੍ਹਾਂ ਨੂੰ ਚੰਗਾ ਲੱਗਦਾ ਹੈ ? ਕੰਗਨਾ ਨੇ ਜਵਾਬ 'ਚ ਕਿਹਾ- ਇਹ ਫਿਲਮਾਂ ਦੀ ਦੁਨੀਆ ਝੂਠੀ ਹੈ। ਉਹ ਵੱਖਰਾ ਮਾਹੌਲ ਸਿਰਜਿਆ ਜਾਂਦਾ ਹੈ। ਲੋਕਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਬੁਲਬੁਲਾ ਬਣਾਇਆ ਜਾਂਦਾ ਹੈ। ਪਰ ਰਾਜਨੀਤੀ ਇੱਕ ਹਕੀਕਤ ਹੈ। ਮੈਂ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਾ ਹੈ, ਮੈਂ ਲੋਕ ਸੇਵਾ 'ਚ ਨਨਵੀਂ ਹਾਂ, ਸਿੱਖਣ ਨੂੰ ਬਹੁਤ ਕੁਝ ਹੈ। ਪਰਿਵਾਰਵਾਦ 'ਤੇ ਕੰਗਨਾ ਰਣੌਤ ਨੇ ਕਿਹਾ- ਇਹ ਕੁਦਰਤੀ ਹੈ। ਮੈਨੂੰ ਲੱਗਦਾ ਹੈ ਕਿ ਕਿਤੇ ਅਸੀਂ ਪਰਿਵਾਰਵਾਦ ਨੂੰ ਫਿਲਮਾਂ ਅਤੇ ਰਾਜਨੀਤੀ ਤੱਕ ਸੀਮਤ ਕਰ ਦਿੱਤਾ ਹੈ। ਭਾਈ-ਭਤੀਜਾਵਾਦ ਹਰ ਕਿਸੇ ਦੀ ਸਮੱਸਿਆ ਹੈ ਅਤੇ ਹੋਣੀ ਚਾਹੀਦੀ ਹੈ। ਦੁਨੀਆਂ ਵਿੱਚ ਇਸ ਦਾ ਕੋਈ ਅੰਤ ਨਹੀਂ ਹੈ। ਤੁਹਾਨੂੰ ਮਮਤਾ ਤੋਂ ਉੱਠ ਕੇ ਬਾਹਰ ਨਿਕਲਣਾ ਪਵੇਗਾ। ਜਿੱਥੋਂ ਤੱਕ ਅਸੀਂ ਆਪਣੇ ਆਪ ਨੂੰ ਵਧਾਉਂਦੇ ਹਾਂ, ਉਹ ਪਰਿਵਾਰ ਹੈ। ਅੱਜ ਉਹ ਮੈਨੂੰ ਮੰਡੀ ਦੀ ਧੀ ਕਹਿੰਦੇ ਹਨ। ਇਹ ਮੇਰਾ ਪਰਿਵਾਰ ਹੈ। ਪਿਆਰ ਵਿੱਚ ਕਮਜ਼ੋਰ ਨਹੀਂ ਹੋਣਾ ਚਾਹੀਦਾ। ਵਰਕ ਫਰੰਟ ਦੀ ਗੱਲ ਕਰੀਏ ਤਾਂ ਕੰਗਨਾ ਨੇ ਕਵੀਨ, ਥਲਾਈਵੀ, ਤਨੂ ਵੈਡਸ ਮਨੂ, ਫੈਸ਼ਨ, ਮਣੀਕਰਨਿਕਾ, ਗੈਂਗਸਟਰ ਵਰਗੀਆਂ ਫਿਲਮਾਂ ਵਿੱਚ ਆਪਣੀ ਦਮਦਾਰ ਅਦਾਕਾਰੀ ਨਾਲ ਲੋਕਾਂ ਦਾ ਦਿਲ ਜਿੱਤਿਆ ਹੈ। ਉਸਦੀ ਆਉਣ ਵਾਲੀ ਫਿਲਮ ਐਮਰਜੈਂਸੀ ਹੈ, ਜਿਸ ਵਿੱਚ ਉਸਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਭੂਮਿਕਾ ਨਿਭਾਈ ਹੈ। ਇਹ ਫਿਲਮ ਇਸ ਸਾਲ 14 ਜੂਨ ਨੂੰ ਰਿਲੀਜ਼ ਹੋਣੀ ਹੈ।

### ਅਮਰੀਕਾ ਤੋਂ ਬੁਰੀ ਖਬਰ !...

ਅਟੈਕ ਨਾਲ ਮੌਤਾਂ ਹੋ ਰਹੀਆਂ ਹਨ। ਹਾਸਲ ਜਾਣਕਾਰੀ ਮੁਤਾਬਕ ਮ੍ਰਿਤਕ ਤਰਨਦੀਪ ਸਿੰਘ ਕਰੀਬ ਦ ਸਾਲ ਪਹਿਲਾਂ ਹੀ ਅਮਰੀਕਾ ਗਿਆ ਸੀ। ਉਹ ਸਟੱਡੀ ਵੀਜ਼ੇ 'ਤੇ ਅਮਰੀਕਾ ਗਿਆ ਸੀ ਤੇ ਆਪਣੇ ਮਾਮੇ ਕੋਲ ਰਹਿ ਰਿਹਾ ਸੀ। ਤਰਨਦੀਪ ਸਿੰਘ ਦੇ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਸ ਨੂੰ ਪਹਿਲਾਂ ਕਦੇ ਵੀ ਇਸ ਤਰ੍ਹਾਂ ਦੀ ਦਿਲ ਦੀ ਬਿਮਾਰੀ ਨਹੀਂ ਸੀ। ਮ੍ਰਿਤਕ ਤਰਨਦੀਪ ਸਿੰਘ ਦੇ ਪਿਤਾ ਚਤਰ ਸਿੰਘ ਨੇ ਦੱਸਿਆ ਕਿ ਉਸ ਨੇ ਕੁਝ ਮਹੀਨਿਆਂ ਬਾਅਦ ਘਰ ਪਰਤਣਾ ਸੀ ਪਰ ਉਸ ਤੋਂ ਪਹਿਲਾਂ ਹੀ ਉਸ ਦੀ ਲਾਸ਼ ਘਰ ਪਹੁੰਚ ਗਈ। ਇਸ ਕਾਰਨ ਪੂਰੇ ਘਰ ਵਿੱਚ ਸੋਗ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਅਜਿਹਾ ਹੋ ਸਕਦਾ ਹੈ। ਪਰਿਵਾਰ ਵਿੱਚ ਉਸ ਦੀ ਇੱਕ ਭੈਣ ਹੈ। ਕੁਝ ਸਮੇਂ ਬਾਅਦ ਉਸ ਦਾ ਵਿਆਹ ਹੋਣਾ ਸੀ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਆਪਣੇ ਪਰਿਵਾਰ ਦਾ ਇਕਲੌਤਾ ਕਮਾਉਣ ਵਾਲਾ ਸੀ।

### ਹਾਕੀ ਦੀ ਨੈਸ਼ਨਲ....

ਸੁਮਨਦੀਪ ਕੌਰ ਹਮੇਸ਼ਾ ਸ਼ਿਕਾਇਤ ਕਰਦੀ ਸੀ ਕਿ ਉਸ ਦਾ ਭਰਾ ਬਿਕਰਮਜੀਤ ਤੇ ਉਸ ਦੀ ਭਰਜਾਈ ਪਿੰਕੀ ਉਸ ਨੂੰ ਹਮੇਸ਼ਾ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਹਨ ਤੇ ਗਾਲੀ-ਗਲੋਚ ਕਰਦੇ ਹਨ। ਇਸ ਲਈ ਬਿਕਰਮਜੀਤ ਤੇ ਨੂੰਹ ਪਿੰਕੀ ਨੂੰ ਉਨ੍ਹਾਂ ਨੇ ਕਈ ਵਾਰ ਸਮਝਾਇਆ ਸੀ ਕਿ ਸੁਮਨਦੀਪ ਨੂੰ ਤੰਗ ਨਾ ਕਰਿਆ ਕਰੋ। ਬਿਕਰਮਜੀਤ ਤੇ ਪਿੰਕੀ ਦੇ ਤੰਗ ਪ੍ਰੇਸ਼ਾਨ ਕਰਨ ਤੋਂ ਦੁਖੀ ਹੋ ਕੇ ਸੁਮਨਦੀਪ ਬੀਤੇ ਦਿਨ ਘਰੋਂ ਚਲੀ ਗਈ ਸੀ। ਬਾਅਦ ਵਿੱਚ ਪਤਾ ਲੱਗਾ ਕਿ ਸੁਮਨਦੀਪ ਨੇ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਸੁਮਨਦੀਪ ਦੀ ਲਾਸ਼ ਨਹਿਰ ਵਿੱਚੋਂ ਮਿਲ ਗਈ ਹੈ। ਜਸਪਾਲ ਸਿੰਘ ਦੇ ਬਿਆਨਾਂ 'ਤੇ ਬਿਕਰਮਜੀਤ ਤੇ ਉਸ ਦੀ ਪਤਨੀ ਪਿੰਕੀ ਖਿਲਾਫ ਅੱਜ ਮਾਮਲਾ ਦਰਜ ਕਰਕੇ ਬਿਕਰਮਜੀਤ ਨੂੰ ਗ੍ਰਿਫਤਾਰ ਕਰ ਲਿਆ, ਜਦਕਿ ਪਿੰਕੀ ਹਾਲੇ ਫਰਾਰ ਹੈ। ਸੁਮਨਦੀਪ ਕੌਰ ਦੀ ਲਾਸ਼ ਦਾ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਤੋਂ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਹੈ।

### ਪਾਕਿਸਤਾਨੀ ਅੱਤਵਾਦੀਆਂ ਦਾ ਸਕੈਚ ਜਾਰੀ....

ਸੀਆਰਪੀਐਫ ਅਤੇ ਡੀਆਈਜੀ ਆਰਪੀ ਰੇਂਜ ਦੇ ਨਾਲ ਖੇਤਰ ਦਾ ਦੌਰਾ ਕੀਤਾ ਅਤੇ ਤਲਾਸ਼ੀ ਮੁਹਿੰਮ ਦੀ ਨਿਗਰਾਨੀ ਕੀਤੀ। ਉਨ੍ਹਾਂ ਕਿਹਾ ਕਿ ਹਮਲੇ ਤੋਂ ਬਾਅਦ ਕਈ ਸ਼ੱਕੀਆਂ ਨੂੰ ਪੁੱਛਗਿੱਛ ਲਈ ਚੁੱਕਿਆ ਗਿਆ ਹੈ। ਦੱਸ ਦੇਈਏ ਕਿ ਅੱਤਵਾਦੀ ਹਮਲੇ 'ਚ ਸ਼ਹੀਦ ਹੋਏ ਜਵਾਨ ਦੀ ਪਛਾਣ ਵਿੱਕੀ ਪਹਾੜੇ ਵਜੋਂ ਹੋਈ ਹੈ। ਉਹ ਆਪਣੀ ਭੈਣ ਦੇ ਵਿਆਹ ਤੋਂ ਬਾਅਦ ਘਟਨਾ ਤੋਂ 15 ਦਿਨ ਪਹਿਲਾਂ ਡਿਊਟੀ ਜੁਆਇਨ ਕੀਤਾ ਸੀ। ਉਹ ਜੰਮੂ-ਕਸ਼ਮੀਰ ਵਿੱਚ ਤਾਇਨਾਤ ਸੀ। ਉਸ ਦਾ ਪਰਿਵਾਰ ਮੱਧ ਪ੍ਰਦੇਸ਼ ਦੇ ਛਿੰਦਵਾੜਾ ਦੇ ਨੋਨੀਆ ਕਰਬਲ ਇਲਾਕੇ ਵਿੱਚ ਰਹਿੰਦਾ ਹੈ। ਉਹ ਸਾਲ 2011 ਵਿੱਚ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋਇਆ ਸੀ।

### ਪ੍ਰਨੀਤ ਕੌਰ ਉਸ ਪਾਰਟੀ ਦਾ....

ਉਸ ਭਾਜਪਾ ਦਾ ਹਿੱਸਾ ਬਣ ਗਈ ਹੈ ਜੋ 750 ਕਿਸਾਨਾਂ ਦੀ ਕਾਤਲ ਹੈ। ਇਸ ਮੌਕੇ ਸਾਬਕਾ ਮੰਤਰੀ ਕਾਕਾ ਰਣਦੀਪ ਸਿੰਘ ਨੇ ਕਿਸਾਨ ਦੀ ਮੌਤ ਉਪਰ ਗਹਿਰਾ ਦੁੱਖ ਪ੍ਰਗਟ ਕੀਤਾ ਤੇ ਕਿਹਾ ਕਿ ਸਾਨੂੰ ਉਮੀਦ ਸੀ ਕਿ ਪ੍ਰਨੀਤ ਕੌਰ ਜਾਂ ਉਸ ਦਾ ਕੋਈ ਪਰਿਵਾਰਕ ਮੈਂਬਰ ਕਿਸਾਨ ਦੇ ਘਰ ਦੁੱਖ ਪ੍ਰਗਟ ਕਰਨ ਲਈ ਜਾਵੇਗਾ ਪਰ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕੋਈ ਵੀ ਕਿਸਾਨ ਦੇ ਘਰ ਨਹੀਂ ਪਹੁੰਚਿਆ। ਕਾਕਾ ਰਣਦੀਪ ਸਿੰਘ ਨੇ ਆਪਣੀ ਰਿਹਾਇਸ਼ 'ਤੇ ਪਹੁੰਚੇ ਡਾ. ਗਾਂਧੀ ਦਾ ਸਵਾਗਤ ਕੀਤਾ ਤੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ। ਡਾ. ਗਾਂਧੀ ਨੇ ਕਿਹਾ ਕਿ ਕਾਕਾ ਰਣਦੀਪ ਸਿੰਘ ਨਾਭਾ ਦੀ ਬਹੁਤ ਹੀ ਵੱਡੀ ਦਿੱਖ ਹੈ ਤੇ ਜਿਹੜਾ ਹਜੂਮ ਅੱਜ ਇਕੱਠਾ ਹੋਇਆ ਹੈ, ਉਸ ਤੋਂ ਸਾਫ ਜ਼ਾਹਰ ਹੈ ਕਿ ਕਾਂਗਰਸ ਪਾਰਟੀ ਭਾਰੀ ਬਹੁਮਤ ਨਾਲ ਜਿੱਤੇਗੀ। ਕਾਕਾ ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਡਾ. ਧਰਮਵੀਰ ਗਾਂਧੀ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਭੇਜਾਂਗੇ। ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਡਾ. ਗਾਂਧੀ ਸੰਸਦ ਵਿੱਚ ਜਾ ਕੇ ਨਾਭੇ ਨੂੰ ਜ਼ਿਲ੍ਹੇ ਦਾ ਦਰਜਾ ਦਵਾਉਣਗੇ।

# ਜੰਗ ਜਾਰੀ ਹੈ, ਤੇ ਜਾਰੀ ਰਹੇਗੀ

## ਭਾਈ ਪਰਮਜੀਤ ਸਿੰਘ ਪੰਜਵੜ੍ਹ



ਅੱਜ ਭਾਊ ਪੰਜਵੜ੍ਹ ਹੁਰਾਂ ਨੂੰ ਸ਼ਹੀਦ ਹੋਇਆ ਪੂਰਾ ਇੱਕ ਸਾਲ ਹੋ ਗਿਆ ਹੈ। ਸਾਲ ਪਹਿਲਾਂ ਉਹਨਾਂ ਦੀ ਸ਼ਹਾਦੱਤ ਬਾਦ ਲਿਖੀ ਪੋਸਟ ਅੱਜ ਦੁਬਾਰਾ ਸਾਂਝੀ ਕਰ ਰਿਹਾ ਹਾਂ, ਤੇ ਇਸ ਤਰਾਂ ਉਹਨਾਂ ਦੀਆਂ ਯਾਦਾਂ ਨੂੰ ਮੁੜ ਹਰਿਆ ਕਰ ਰਿਹਾ ਹਾਂ। ਜੰਗ ਜਾਰੀ ਹੈ, ਤੇ ਜਾਰੀ ਰਹੇਗੀ ਭਾਈ ਪਰਮਜੀਤ ਸਿੰਘ ਪੰਜਵੜ੍ਹ ਦਾ ਕਤਲ ਅਫਸੋਸਨਾਕ ਤੇ ਦੁੱਖਦਾਈ ਤਾਂ ਹੈ, ਪਰ ਇਹ ਸੰਘਰਸ਼ ਦੇ ਜ਼ਿੰਦਾ ਹੋਣ ਦੀ ਦੁਸ਼ਮਣ ਵੱਲੋਂ ਸਵੀਕਾਰਤਾ ਵੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਰਤੀ ਏਜੰਸੀਆਂ ਵੱਲੋਂ ਇਹ ਕਤਲ ਕੀਤਾ ਜਾਣਾ, ਇਹੀ ਦੱਸਦਾ ਹੈ ਕਿ ਉਹਨਾਂ ਨੂੰ ਇਹਨਾਂ ਯੋਧਿਆਂ ਤੋਂ ਹਾਲੇ ਵੀ ਡਰ ਲੱਗਦਾ ਹੈ। ਉਹ ਜਾਣਦੇ ਨੇ ਕਿ ਇਹ ਹਾਲੇ ਵੀ ਕੁੱਝ ਵੀ ਕਰ ਗੁਜਰਨ ਦੀ ਸੋਚ ਅਤੇ ਸਮਰੱਥਾ ਰੱਖਦੇ ਨੇ। ਉਹ ਜਾਣਦੇ ਨੇ ਕਿ ਇਹ ਹਾਲੇ ਵੀ ਹਵਾ ਦਾ ਰੁੱਖ ਮੋੜ੍ਹ ਸਕਣ ਦੀ ਸ਼ਕਤੀ ਰੱਖਦੇ ਨੇ। ਸਾਡੀ ਪ੍ਰਾਪਤੀ ਇਹ ਹੈ ਕਿ ਅਸੀਂ ਸੰਘਰਸ਼ ਦਾ ਝੰਡਾ ਅੱਜ ਵੀ ਬੁਲੰਦ ਰਖਿਆ ਹੋਇਆ ਹੈ। ਸਾਡੀ ਪ੍ਰਾਪਤੀ ਇਹ ਹੈ ਕਿ ਅਸੀਂ ਇਹ ਝੰਡਾ ਆਪਣੀ ਅਗਲੀ ਪੀੜੀ ਨੂੰ ਸੌਂਪਣ ਤੱਕ ਜੀਂਦੇ ਜਾਗਦੇ ਹਾਂ। ਸਾਡੀ ਪ੍ਰਾਪਤੀ ਇਹ ਹੈ ਕਿ ਸਾਡੇ ਜੀਂਦੇ ਜੀਅ ਸਾਡੀ ਅਗਲੀ ਪੀੜ੍ਹੀ ਨੇ ਇਹ ਚੰਡਾ ਚੁੱਕ ਲਿਆ ਹੋਇਆ, ਤੇ ਸੰਘਰਸ਼ ਨਿਰੰਤਰਤਾ ਨਾਲ ਅੱਗੇ ਵੱਧ ਰਿਹਾ ਹੈ। ਵਿਅਕਤੀ ਸੰਘਰਸ਼ ਦੀ ਪਛਾਣ ਜ਼ਰੂਰ ਹੁੰਦੇ ਨੇ, ਪਰ ਸੰਘਰਸ਼ ਵਿਅਕਤੀਆਂ ਨਾਲ ਇੰਝ ਨਹੀਂ ਬੱਝਾ ਹੁੰਦਾ ਕਿ ਕਿਸੇ ਵਿਅਕਤੀ ਦੇ ਚਲੇ ਜਾਣ ਬਾਦ ਸੰਘਰਸ਼ ਦਾ ਭੋਗ ਹੀ ਪੈ ਜਾਵੇ। ਸੰਘਰਸ਼ ਦੀਆਂ ਜੜ੍ਹਾਂ ਸੰਘਰਸ਼ ਦੇ ਵਿਚਾਰਧਾਰਕ ਆਧਾਰ ਵਿੱਚ ਹੁੰਦੀਆਂ ਨੇ। ਵਿਚਾਰਾਂ ਦੀਆਂ ਜੜ੍ਹਾਂ ਜਿੰਨੀਆਂ ਡੂੰਘੀਆਂ ਹੋਣ ਗੀਆਂ, ਸੰਘਰਸ਼ ਉਨਾ ਹੀ ਮਜ਼ਬੂਤ ਹੋਵੇਗਾ। ਸੰਘਰਸ਼ ਦੀ ਕਾਮਯਾਬੀ ਨੂੰ ਕਿਸੇ ਸਮੇਂ ਦੀ ਹੱਦ ਵਿੱਚ ਬੰਨ੍ਹ ਕੇ ਨਹੀਂ ਦੇਖਣਾ ਬਣਦਾ ਹੁੰਦਾ। ਸੰਘਰਸ਼ ਦੀ ਜਿੱਤ ਦਾ ਝੰਡਾ ਗੱਡਣ ਵਿੱਚ ਉਮਰਾਂ ਵੀ ਲੱਗ ਜਾਂਦੀਆਂ ਹਨ, ਤੇ ਪੀੜੀਆਂ ਵੀ। ਜਿਹੜੇ ਲੋਕ ਗੁਰੂ ਵੱਲ ਮੂੰਹ ਕਰ ਕੇ ਤੁਰੇ ਰਹਿੰਦੇ ਨੇ, ਹਾਰਦੇ ਕਦੇ ਨਹੀਂ ਹੁੰਦੇ। ਸਾਡੀ ਲੜਾਈ ਛੋਟੀ ਤੇ ਥੋੜਚਿਰੀ ਨਹੀਂ ਹੈ। ਸੰਘਰਸ਼ ਦੀ ਕਿਸੇ ਵੀ ਇੱਕ ਘਟਨਾ ਨੂੰ, ਜਾਂ ਕਿਸੇ ਇੱਕ ਪੜ੍ਹਾ ਦੇ ਨਤੀਜੇ ਨੂੰ ਆਖਰੀ ਨਤੀਜਾ ਨਹੀਂ ਸਮਝਣਾ ਚਾਹੀਦਾ। ਜੰਗ ਜਾਰੀ ਹੈ, ਤੇ ਜਾਰੀ ਰਹੇਗੀ।

**-ਗਜਿੰਦਰ ਸਿੰਘ, ਦਲ ਖਾਲਸਾ**

## ਇੰਗਲੈਂਡ ਵਿੱਚ ਪੰਜਾਬੀਆਂ ਦੇ ਕਾਰਨਾਮੇ, ਪਿਤਾ ਦੇ 60ਵੇਂ ਜਨਮ ਦਿਨ ਦੀ ਪਾਰਟੀ ਬੁੱਕ ਕਰਨ ਗਿਆ ਰਿਸ਼ਤੇਦਾਰਾਂ ਨੇ ਕਰ ਲਿਆ ਅਗਵਾ

### ਢਾਈ ਲੱਖ ਪੌਂਡ ਦੀ ਫਿਰੌਤੀ ਮੰਗਣ ਵਾਲੇ ਪਰਿਵਾਰ ਦੇ ਵਿਅਕਤੀ ਨੂੰ ਅਗਵਾ ਕਰਨ ਵਾਲੇ ਗਿਰੋਹ ਨੂੰ ਜੇਲ੍ਹ

**ਲੰਡਨ - ਸਰਬਜੀਤ ਸਿੰਘ ਬਨੂੜ** - ਨਾਟਿੰਘਮ ਕਰਾਊਨ ਕੋਰਟ ਨੇ ਪਰਿਵਾਰ ਦੇ ਵਿਅਕਤੀ ਨੂੰ ਅਗਵਾ ਕਰਨ ਅਤੇ ਬਲੈਕਮੇਲ ਕਰਨ ਦੀ ਸਾਜ਼ਸ਼ਿ ਰਚਣ ਦੇ ਦੋਵਾਂ ਮਾਮਲਿਆਂ ਵਿੱਚ 5 ਪੰਜਾਬੀਆਂ ਤੇ ਇਕ ਗੋਰੇ ਨੂੰ ਦੋਸ਼ੀ ਮੰਨਦਿਆਂ ਹਰੇਕ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਨਾਟਿੰਘਮ ਪੁਲਿਸ ਤੋਂ ਡਿਟੈਕਟਿਵ ਚੀਫ਼ ਇੰਸਪੈਕਟਰ ਕਲੇਰ ਡੀਨ ਨੇ ਕਿਹਾ ਕਿ ਇੱਕ ਪਰਿਵਾਰਕ ਵਿਅਕਤੀ ਨੂੰ ਨੌਟਿੰਘਮ ਵਿੱਚ ਇੱਕ ਘਰ ਵਿੱਚ ਬੁਲਾਇਆ ਗਿਆ ਸੀ ਤੇ ਜਿੱਥੇ ਉਸਨੂੰ ਬੰਨ ਕੇ ਉਸਦੀ ਸੁਰੱਖਿਅਤ ਵਾਪਸੀ ਲਈ £250,000 ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਪੁਲਸ ਅਨੁਸਾਰ 43 ਸਾਲਾ ਪੀੜਤ ਜੋ ਆਪਣੇ ਪਿਤਾ ਦੇ 60ਵੇਂ




ਜਨਮਦਿਨ ਦੇ ਤੋਹਫ਼ੇ ਲਈ ਹਾਲ ਬੁੱਕ ਕਰਨਾ ਚਾਹੁੰਦਾ ਸੀ ਜਦੋਂ ਪੀੜਤ ਪ੍ਰਬੰਧਾਂ ਵਿੱਚੋਂ ਲੰਘਣ ਲਈ ਸਨੀਟਨ ਵਿੱਚ ਮੈਨੋਰ ਸਟ੍ਰੀਟ ਵਿੱਚ ਇੱਕ ਪਤੇ 'ਤੇ ਹਾਜ਼ਰ ਹੋਇਆ, ਤਾਂ ਉਸ ਦਾ ਸਾਹਮਣਾ ਕਾਲੇ ਅਤੇ ਬਾਲਕਲਾਵ ਦੇ ਕੱਪੜੇ ਪਹਿਨੇ ਦੋ ਵਿਅਕਤੀਆਂ ਨਾਲ ਹੋਇਆ ਜਿੱਥੇ ਉਸ 'ਤੇ ਹਮਲਾ ਕਰਕੇ ਉਸ ਨੂੰ ਬੰਨ੍ਹਿਆ ਗਿਆ ਅਤੇ ਉਸਦੀ ਪਤਨੀ ਅਤੇ ਪਿਤਾ ਤੋਂ ਵੱਡੀ ਰਕਮ ਵਸੂਲਣ ਲਈ ਅਗਵਾ ਦੀ ਯੋਜਨਾ ਬਾਰੇ ਦੱਸ ਵੋਲਟਨ ਰਾਈਜ਼ ਪਾਰਕ ਵਿੱਚ ਇੱਕ ਹੋਰ ਜਾਇਦਾਦ ਵਿੱਚ ਚਲੇ ਗਏ। ਇਸ ਦੌਰਾਨ ਪੁਲਸ ਨੇ ਪੀੜਤ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਅਧਿਕਾਰੀਆਂ ਅਤੇ ਜਾਸੂਸਾਂ ਦੀਆਂ ਸੇਵਾਵਾਂ ਨਾਲ 32 ਘੰਟੇ ਬਾਅਦ ਵਿੱਚ ਮਾਮਲਾ ਹੱਲ ਕਰ ਲਿਆ ਗਿਆ। ਅਗਵਾਕਾਰ ਪੁਲਸ ਦੀ

ਆਵਾਜ਼ਿ ਕੌਮ AWAZE QAUM International Newspaper & WEB TV


ਹਰਕਤ ਵੇਖਦੇ ਹੋਏ ਪੀੜਤ ਨੂੰ ਗੌਥੌਰਨ ਸਟ੍ਰੀਟ ਵਿੱਚ ਬਾਹਾਂ ਬੰਨ੍ਹ, ਚਿਹਰੇ ਨੂੰ ਡਕਟ ਟੇਪ ਨਾਲ ਢੱਕਿਆ ਹੋਇਆ ਨੂੰ ਇੱਕ ਵਾਹਨ ਤੋਂ ਬਾਹਰ ਸੁੱਟ ਗਏ ਜਿੱਥੇ ਉਸਨੂੰ ਕਈ ਸੱਟਾਂ ਦੇ ਇਲਾਜ ਤੋ ਬਾਅਦ ਘਰ ਭੇਜ ਦਿੱਤਾ ਗਿਆ। ਜਾਸੂਸਾਂ ਨੇ ਸ਼ੱਕੀ ਵਿਅਕਤੀਆਂ ਦਾ ਪਤਾ ਲਗਾਉਣ ਲਈ ਆਟੋਮੇਟਿਡ ਨੰਬਰ ਪਲੇਟ ਰੀਕੋਗਨੀਸ਼ਨ ਕੈਮਰਿਆਂ ਰਾਹੀਂ ਫੋਨ ਡਾਟਾ ਦੀ ਵਿਆਪਕ ਪੁੱਛਗਿੱਛ ਅਤੇ ਵਾਹਨਾਂ ਦੀ ਲਗਾਤਾਰ ਗਤੀਵਿਧੀ ਤੇ ਨਜ਼ਰ ਰੱਖ ਕੇ ਸਾਰੇ ਸ਼ੱਕੀਆਂ ਨੂੰ ਗ੍ਰਿਫਤਾਰ ਕਰਕੇ ਦੋਸ਼ ਲਗਾਏ ਗਏ ਸਨ। ਨਾਟਿੰਘਮ ਕਰਾਊਨ ਕੋਰਟ ਨੇ ਪਰਿਵਾਰ ਦੇ ਵਿਅਕਤੀ ਨੂੰ ਅਗਵਾ ਕਰਨ ਅਤੇ ਬਲੈਕਮੇਲ ਕਰਨ ਦੀ ਸਾਜ਼ਸ਼ਿ ਰਚਣ ਦੇ ਦੋਵਾਂ ਮਾਮਲਿਆਂ ਹਾਈ ਸਟਰੀਟ, ਮੇਬਲਥੋਰਪ ਦੇ 58 ਸਾਲਾ ਦਰਸ਼ਨ ਰਾਠੂਰ ਨੂੰ 16 ਸਾਲ ਦੀ ਸਜ਼ਾ, ਲਾਰਵੁੱਡ ਗਰੋਵ, ਨੌਟਿੰਘਮ ਦੇ 30 ਸਾਲਾ ਸਿਰਵਾਨ ਰਾਠੂਰ ਨੂੰ 13 ਸਾਲ ਦੀ ਸਜ਼ਾ, ਪੈਂਬਰਟਨ ਸਟਰੀਟ, ਨੌਟਿੰਘਮ ਦੇ 34 ਸਾਲਾ ਇੰਦਰਪਾਲ ਸਿੰਘ ਨੂੰ 14 ਸਾਲ ਦੀ ਸਜ਼ਾ, ਜੈਮੀ ਰੈਗੇਟ, 20, ਹੈਡਲੀ ਰੋਡ, ਲਿਫੁੱਕ, ਨੂੰ 12 ਸਾਲ ਦੀ ਸਜ਼ਾ, ਰੇਵਲਸਟੋਕ ਵੇਅ, ਨੌਟਿੰਘਮ ਦੇ 56 ਸਾਲਾ ਨਰਵੀਰ ਸਿੰਘ ਨੂੰ ਛੇ ਸਾਲ ਦੀ ਸਜ਼ਾ, ਸੈਲਿਸਬਰੀ ਰੋਡ, ਸਾਊਥਸੀਅ ਦੇ 39 ਸਾਲਾ ਖਾਲਸਾ ਜੋਗਾ ਸਿੰਘ-ਦਿਗਪਾਲ ਨੂੰ 18 ਸਾਲ ਦੀ ਸਜ਼ਾ ਸੁਣਾਈ ਗਈ। ਪੁਲਸ ਨੇ ਕਿਹਾ ਕਿ ਇਹ ਇੱਕ ਬੇਰਹਿਮ ਅਤੇ ਗਿਣਿਆ ਗਿਆ ਅਪਰਾਧ ਸੀ, ਜਿਸ ਨਾਲ ਨਾ ਸਿਰਫ ਪੀੜਤ ਲਈ, ਸਗੋਂ ਉਸਦੇ ਨਜ਼ਦੀਕੀ ਪਰਿਵਾਰ ਅਤੇ ਦੋਸਤਾਂ ਲਈ ਵੀ ਕਲਪਨਾਯੋਗ ਪਰੇਸ਼ਾਨੀ ਹੋਈ। ਪੀੜਤ ਨੂੰ ਉਸਦੀ ਇੱਛਾ ਦੇ ਵਿਰੁੱਧ ਰੱਖਿਆ ਗਿਆ, ਅਪਮਾਨਿਤ ਕੀਤਾ ਗਿਆ ਅਤੇ ਸੋਚਿਆ ਕਿ ਉਹ ਆਪਣੇ ਅਗਵਾਕਾਰਾਂ ਦੇ ਹੱਥੋਂ ਮਰਨ ਜਾ ਰਿਹਾ ਹੈ। ਜਾਸੂਸਾਂ ਦੀ ਮਿਹਨਤ ਸਦਕਾ ਪੀੜਤ ਦੀ ਸੁਰੱਖਿਅਤ ਰਿਹਾਈ ਨੂੰ ਯਕੀਨੀ ਬਣਾਉਣ ਤੇ ਜ਼ੁੰਮੇਵਾਰ ਲੋਕਾਂ ਨੂੰ ਲੱਭ ਕੇ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਗਿਆ ਹੈ ਜਿੱਥੇ ਕੋਰਟ ਨੂੰ ਉਨ੍ਹਾਂ ਨੂੰ ਸਜ਼ਾ ਦਿੱਤੀ ਹੈ।

# ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar



www.damdamitaksal.net

Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net





ਨਾਮ ਜਪੋ ਕਿਰਤ ਕਰੋ ਵੰਡ ਛਕੋ | Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ | WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ

Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

100% VEGETARIAN PURE AND NATURAL

Enjoy Real Taste of PUNJAB

KD FULLY A.C. HALL

**Khehra VAISHNO DHABA**

BREAKFAST LUNCH DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


# ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ | Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ

ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ

ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

# THE GURBANI SCHOOL

THE GURBANI SCHOOL

ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




ਆਵਾਜ਼ਿ ਕੌਮ AWAZE QAUM International Newspaper & WEB TV

## INTERACTIVE LEARNING

ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ

CLICK & LISTEN TO THE CORRECT PRONUNCIATION

## 8 EIGHT PRAYERS AVAILABLE

ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ

EIGHT DAILY PRAYERS AVAILABLE TO LEARN

## AUTO SCROLL GURBANI PLAYER

ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ

READ ALONG & IMPROVE THE PRONUNCIATION

## MULTILINGUAL

ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।

NITNEM IS AVAILABLE IN PUNJABI, HINDI & ENGLISH


ਸ੍ਰੀ ਅਕਾਲ ਜੀ ਸਹਾਇ
ਦੇਗ ਤੇਗ ਫਤਿਹ
ਪੰਥ ਕੀ ਜੀਤ
ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ
ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ
ਸ਼ਬਦ ਕੀਰਤਨ ਅਤੇ ਕਥਾ ਸਮਾਗਮ
1 ਮਈ ਤੋਂ 31 ਮਈ 2024 ਤੱਕ
ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
1 ਮਈ ਬੁੱਧਵਾਰ ਜਬੋਵਾਲ ਸ਼ਾਮ 6 ਤੋਂ 8 ਵਜੇ ਤੱਕ
2 ਮਈ ਵੀਰਵਾਰ ਜੱਫਰਵਾਲ ਸ਼ਾਮ 6 ਤੋਂ 8 ਵਜੇ ਤੱਕ
3 ਮਈ ਸ਼ੁੱਕਰਵਾਰ ਸਹਾਇਪੁਰ ਸ਼ਾਮ 6 ਤੋਂ 8 ਵਜੇ ਤੱਕ
4 ਮਈ ਸ਼ਨੀਵਾਰ ਮੁਰਾਦਪੁਰ ਸ਼ਾਮ 6 ਤੋਂ 8 ਵਜੇ ਤੱਕ
5 ਮਈ ਐਤਵਾਰ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਸ਼ਾਮ 5 ਤੋਂ 7 ਵਜੇ ਤੱਕ
6 ਮਈ ਸੋਮਵਾਰ ਕਾਹਲਵਾ ਸ਼ਾਮ 6 ਤੋਂ 8 ਵਜੇ ਤੱਕ
7 ਮਈ ਮੰਗਲਵਾਰ ਉੱਦੋ ਨੰਗਲ ਸ਼ਾਮ 6 ਤੋਂ 8 ਵਜੇ ਤੱਕ
8 ਮਈ ਬੁੱਧਵਾਰ ਬਾਬੋਵਾਲ ਸ਼ਾਮ 6 ਤੋਂ 8 ਵਜੇ ਤੱਕ
9 ਮਈ ਵੀਰਵਾਰ ਧਰਦਿਉ ਸ਼ਾਮ 6 ਤੋਂ 8 ਵਜੇ ਤੱਕ
10 ਮਈ ਸ਼ੁੱਕਰਵਾਰ ਧਿਆਨਪੁਰ ਸ਼ਾਮ 6 ਤੋਂ 8 ਵਜੇ ਤੱਕ
11 ਮਈ ਸ਼ਨੀਵਾਰ ਗੁ: ਬਾਬਾ ਪੱਲਾ ਜੀ ਬੁਤਾਲਾ ਸ਼ਾਮ 6 ਤੋਂ 8 ਵਜੇ ਤੱਕ
12 ਮਈ ਐਤਵਾਰ ਸਦਾਰੰਗ ਸ਼ਾਮ 6 ਤੋਂ 8 ਵਜੇ ਤੱਕ
13 ਮਈ ਸੋਮਵਾਰ ਸੂਸਾ ਸ਼ਾਮ 6 ਤੋਂ 8 ਵਜੇ ਤੱਕ
14 ਮਈ ਮੰਗਲਵਾਰ ਗੁ: ਬਾਬਾ ਮਤੁ ਜੀ ਮੀਕੇ ਸ਼ਾਮ 6 ਤੋਂ 8 ਵਜੇ ਤੱਕ
15 ਮਈ ਬੁੱਧਵਾਰ ਭਾਮ ਸ਼ਾਮ 6 ਤੋਂ 8 ਵਜੇ ਤੱਕ
16 ਮਈ ਵੀਰਵਾਰ ਭਲਾਈਪੁਰ ਪੁਰਬਾ ਸ਼ਾਮ 6 ਤੋਂ 8 ਵਜੇ ਤੱਕ
17 ਮਈ ਸ਼ੁੱਕਰਵਾਰ ਨਿੱਕੇ ਘੁੰਮਣ ਸ਼ਾਮ 6 ਤੋਂ 8 ਵਜੇ ਤੱਕ
18 ਮਈ ਸ਼ਨੀਵਾਰ ਗੁ: ਕੰਧ ਸਾਹਿਬ (ਬਟਾਲਾ) ਸ਼ਾਮ 6 ਤੋਂ 8 ਵਜੇ ਤੱਕ
19 ਮਈ ਐਤਵਾਰ ਗੁ: ਬਾਬਾ ਬਕਾਲਾ ਸਾਹਿਬ ਸਵੇਰੇ 10 ਤੋਂ 12 ਵਜੇ ਤੱਕ ਸਿਆਲਕਾ
20 ਮਈ ਸੋਮਵਾਰ ਲੀਲ ਕਲਾਂ ਸ਼ਾਮ 6 ਤੋਂ 8 ਵਜੇ ਤੱਕ
21 ਮਈ ਮੰਗਲਵਾਰ ਚੌਧਰੀਵਾਲ ਸ਼ਾਮ 6 ਤੋਂ 8 ਵਜੇ ਤੱਕ
22 ਮਈ ਬੁੱਧਵਾਰ ਤਰਸਿੱਕਾ ਭਗਤਾਂ ਦਾ ਡੇਰਾ ਸ਼ਾਮ 6 ਤੋਂ 8 ਵਜੇ ਤੱਕ
23 ਮਈ ਵੀਰਵਾਰ ਤਾਹਰਪੁਰ ਸ਼ਾਮ 6 ਤੋਂ 8 ਵਜੇ ਤੱਕ
24 ਮਈ ਸ਼ੁੱਕਰਵਾਰ ਬਾਸਰਪੁਰ ਰਾਤ 8 ਤੋਂ 10 ਵਜੇ ਤੱਕ
25 ਮਈ ਸ਼ਨੀਵਾਰ ਖੱਬੇ ਰਾਜਪੂਤਾਂ ਸ਼ਾਮ 6 ਤੋਂ 8 ਵਜੇ ਤੱਕ
26 ਮਈ ਐਤਵਾਰ ਭੀਲੋਵਾਲ ਸ਼ਾਮ 6 ਤੋਂ 8 ਵਜੇ ਤੱਕ
27 ਮਈ ਸੋਮਵਾਰ ਜੇਠੂਵਾਲ ਸ਼ਾਮ 6 ਤੋਂ 8 ਵਜੇ ਤੱਕ
28 ਮਈ ਮੰਗਲਵਾਰ ਗੁ: ਰਾਮ ਥੰਮਣ ਸਾਹਿਬ ਮਨੋਸ਼ ਸ਼ਾਮ 6 ਤੋਂ 8 ਵਜੇ ਤੱਕ
29 ਮਈ ਬੁੱਧਵਾਰ ਮੌਹਣੀਆ ਕੁਹਾਰਾ ਸ਼ਾਮ 6 ਤੋਂ 8 ਵਜੇ ਤੱਕ
30 ਮਈ ਵੀਰਵਾਰ ਜਲਾਲ ਉਸਮਾ ਸ਼ਾਮ 6 ਤੋਂ 8 ਵਜੇ ਤੱਕ
31 ਮਈ ਸ਼ੁੱਕਰਵਾਰ ਮਹਿਤਾ ਚੌਂਕ ਸ਼ਾਮ 6 ਤੋਂ 8 ਵਜੇ ਤੱਕ
1-2-3-4-5 ਜੂਨ 2024 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2024, ਵੀਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ
ਪ੍ਰੋਫੈਸ਼ਨਲ ਕਾਲਜ ਅਤੇ ਗੁਰਮਤਿ ਦਮਦਮੀ ਟਕਸਾਲ ਵਿਖੇ 8ਵੀਂ, 10ਵੀਂ, +1 +2, ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ ਕਰੀ ਵਿੱਦਿਆ ਪ੍ਰਾਪਤ ਕਰੋ
ਜਾਰੀ ਕਰਤਾ:
ਖਾਲਸਾ ਅਕੈਡਮੀ ਨਰਸਰੀ ਤੋਂ +2 ਤੱਕ
ਖਾਲਸਾ ਪ੍ਰੀਮੀਅਮ ਸਕੂਲ I.C.S.E. Board Pre-Nur to 8th
ਖਾਲਸਾ ਹੋਸਟਲ Fully A.C. ਗੁਰਬਾਣੀ ਸਿੱਖਿਆ
ਖਾਲਸਾ
ਦਾਖ਼ਲਾ ਸ਼ੁਰੂ
99155-85685
ਸੰਪਰਕ: 99158-00904, 97793-10040, 98158-14158, 84376-91626

# ਸੰਮਤ ਪਪਣ ਨਾਨਕਸ਼ਾਹੀ ਕੈਲੰਡਰ




(ਸੰਨ 2024-25)

**ਚੇਤ** (ਮਾਰਚ-24 – ਅਪ੍ਰੈਲ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ | ੨ | ੩ |
| ੪ | ੫ | ੬ | ੭ | ੮ | ੯ | ੧੦ |
| ੧੧ | ੧੨ | ੧੩ | ੧੪ | ੧੫ | ੧੬ | ੧੭ |
| ੧੮ | ੧੯ | ੨੦ | ੨੧ | ੨੨ | ੨੩ | ੨੪ |
| ੨੫ | ੨੬ | ੨੭ | ੨੮ | ੨੯ | ੩੦ | |

**ਵੈਸਾਖ** (ਅਪ੍ਰੈਲ-24 – ਮਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੦ | ੩੧ | | | | | ੧ |
| ੨ | ੩ | ੪ | ੫ | ੬ | ੭ | ੮ |
| ੯ | ੧੦ | ੧੧ | ੧੨ | ੧੩ | ੧੪ | ੧੫ |
| ੧੬ | ੧੭ | ੧੮ | ੧੯ | ੨੦ | ੨੧ | ੨੨ |
| ੨੩ | ੨੪ | ੨੫ | ੨੬ | ੨੭ | ੨੮ | ੨੯ |

**ਜੇਠ** (ਮਈ-24 – ਜੂਨ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | ੩੦ | ੩੧ | | |

**ਹਾੜ** (ਜੂਨ-24 – ਜੁਲਾਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ | 32 | | | | ੧ | ੨ |
| ੩ | ੪ | ੫ | ੬ | ੭ | ੮ | ੯ |
| ੧੦ | ੧੧ | ੧੨ | ੧੩ | ੧੪ | ੧੫ | ੧੬ |
| ੧੭ | ੧੮ | ੧੯ | ੨੦ | ੨੧ | ੨੨ | ੨੩ |
| ੨੪ | ੨੫ | ੨੬ | ੨੭ | ੨੮ | ੨੯ | ੩੦ |

**ਸਾਵਣ** (ਜੁਲਾਈ-24 – ਅਗਸਤ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | ੩੦ | ੩੧ | | |

**ਭਾਦੋਂ** (ਅਗਸਤ-24 – ਸਤੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ | | | | | ੧ | ੨ |
| ੩ | ੪ | ੫ | ੬ | ੭ | ੮ | ੯ |
| ੧੦ | ੧੧ | ੧੨ | ੧੩ | ੧੪ | ੧੫ | ੧੬ |
| ੧੭ | ੧੮ | ੧੯ | ੨੦ | ੨੧ | ੨੨ | ੨੩ |
| ੨੪ | ੨੫ | ੨੬ | ੨੭ | ੨੮ | ੨੯ | ੩੦ |

**ਅੱਸੂ** (ਸਤੰਬਰ-24 – ਅਕਤੂਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | ੧ | ੨ | ੩ | ੪ | ੫ | ੬ |
| ੭ | ੮ | ੯ | ੧੦ | ੧੧ | ੧੨ | ੧੩ |
| ੧੪ | ੧੫ | ੧੬ | ੧੭ | ੧੮ | ੧੯ | ੨੦ |
| ੨੧ | ੨੨ | ੨੩ | ੨੪ | ੨੫ | ੨੬ | ੨੭ |
| ੨੮ | ੨੯ | ੩੦ | ੩੧ | | | |

**ਕੱਤਕ** (ਅਕਤੂਬਰ-24 – ਨਵੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ | ੨ | ੩ |
| ੪ | ੫ | ੬ | ੭ | ੮ | ੯ | ੧੦ |
| ੧੧ | ੧੨ | ੧੩ | ੧੪ | ੧੫ | ੧੬ | ੧੭ |
| ੧੮ | ੧੯ | ੨੦ | ੨੧ | ੨੨ | ੨੩ | ੨੪ |
| ੨੫ | ੨੬ | ੨੭ | ੨੮ | ੨੯ | ੩੦ | |

**ਮੱਘਰ** (ਨਵੰਬਰ-24 – ਦਸੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | | | ੧ |
| ੨ | ੩ | ੪ | ੫ | ੬ | ੭ | ੮ |
| ੯ | ੧੦ | ੧੧ | ੧੨ | ੧੩ | ੧੪ | ੧੫ |
| ੧੬ | ੧੭ | ੧੮ | ੧੯ | ੨੦ | ੨੧ | ੨੨ |
| ੨੩ | ੨੪ | ੨੫ | ੨੬ | ੨੭ | ੨੮ | ੨੯ |

**ਪੋਹ** (ਦਸੰਬਰ-24 – ਜਨਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੧ | ੨ | ੩ | ੪ | ੫ | ੬ | ੭ |
| ੮ | ੯ | ੧੦ | ੧੧ | ੧੨ | ੧੩ | ੧੪ |
| ੧੫ | ੧੬ | ੧੭ | ੧੮ | ੧੯ | ੨੦ | ੨੧ |
| ੨੨ | ੨੩ | ੨੪ | ੨੫ | ੨੬ | ੨੭ | ੨੮ |
| ੨੯ | ੩੦ | | | | | |

**ਮਾਘ** (ਜਨਵਰੀ-25 – ਫ਼ਰਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | | | | |

**ਫੱਗਣ** (ਫ਼ਰਵਰੀ-25 – ਮਾਰਚ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | ੧ | ੨ | ੩ | ੪ |
| ੫ | ੬ | ੭ | ੮ | ੯ | ੧੦ | ੧੧ |
| ੧੨ | ੧੩ | ੧੪ | ੧੫ | ੧੬ | ੧੭ | ੧੮ |
| ੧੯ | ੨੦ | ੨੧ | ੨੨ | ੨੩ | ੨੪ | ੨੫ |
| ੨੬ | ੨੭ | ੨੮ | ੨੯ | ੩੦ | | |

● ਸੰਗਰਾਂਦ ● ਮੱਸਿਆ ● ਪੂਰਨਮਾਸ਼ੀ

ਗੁਰਪੁਰਬ | ਇਤਿਹਾਸਕ ਦਿਹਾੜੇ | ਸਰਕਾਰੀ ਛੁੱਟੀਆਂ | ਭਗਤ ਸਾਹਿਬਾਨ ਦੇ ਦਿਹਾੜੇ

## ਪ੍ਰਕਾਸ਼ਕ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ.ਕੇ.

ਸੰਪਰਕ : +44 78139 53484, +44 75392 43163, +44 7976210161, +91 94788 97960 E-Mail : nsycuk1469@gmail.com, Web : www.nsycuk.com

ਆਵਾਜ਼ਿ ਕੌਮ
AWAZE QAUM
International Newspaper & WEB TV


ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## 6 ਜੂਨ 1984 ਦੇ 40ਵੇਂ ਘੱਲੂਘਾਰੇ ਨੂੰ ਸਮਰਪਿਤ 40 ਦਿਨ ਵਾਹਿਗੁਰੂ ਸਿਮਰਨ

ਜੂਨ 1984 ਦੇ ਸਮੂਹ ਸ਼ਹੀਦ ਕੀਤੇ ਸਿੰਘ ਸਿੰਘਣੀਆਂ ਭੁਝੰਗੀਆਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ 40 ਦਿਨ ਨਾਮ ਸਿਮਰਨ ਕਰਵਾਇਆ ਜਾ ਰਿਹਾ ਹੈ

• 27 ਅਪ੍ਰੈਲ ਸ਼ਨਿੱਚਰਵਾਰ ਸ਼ਾਮ 5 ਵਜੇ ਪਹਿਲੇ ਦਿਨ ਦੀ ਵਾਹਿਗੁਰੂ ਸਿਮਰਨ ਦੀ ਆਰੰਭਤਾ ਹੋਵੇਗੀ • 8 ਜੂਨ 2024 ਸ਼ਨਿੱਚਰਵਾਰ ਸ਼ਾਮ 6 ਵਜੇ ਸਮਾਪਤੀ ਹੋਵੇਗੀ

ਸਮੇਂ ਦਾ ਵੇਰਵਾ : ਹਰ ਸ਼ਨਿੱਚਰਵਾਰ ਸ਼ਾਮ 5 ਤੋਂ 6 ਵਜੇ ਤੱਕ, ਬਾਕੀ ਸਾਰੇ ਦਿਨ ਹਰ ਰੋਜ ਸ਼ਾਮ 7 ਵਜੇ ਆਰੰਭਤਾ, 8 ਵਜੇ ਵਾਹਿਗੁਰੂ ਸਿਮਰਨ ਦੀ ਸਮਾਪਤੀ ਹੋਵੇਗੀ।

☛ ਵੱਧ ਤੋਂ ਵੱਧ ਸ਼ੇਅਰ ਜ਼ਰੂਰੀ ਕਰਨਾ ਜੀ

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778




ਆਵਾਜ਼ਿ ਕੌਮ
AWAZE QAUM
International Newspaper & WEB TV

ਸੰਤ ਚਰਨਜੀਤ ਸਿੰਘ ਜੱਸੋਵਾਲ ਵੱਲੋਂ ਸੰਸਾਰ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੇ ਸਾਰੇ ਵਹੀਕਲਾਂ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਦੋ ਜੂਨ ਰੋਡੇ ਪੁੱਜਣ ਵਾਲੇ ਸਟਿੱਕਰ ਲਾ ਕੇ ਸੰਤਾਂ ਦੀਆਂ ਖੁਸ਼ੀਆਂ ਲਵੋ।



--✶ ਗੁਰੂ ਗ੍ਰੰਥ ਪੰਥ ਦੇ ਦਾਸ ✶--

## ਜਥੇਬੰਦੀ ਦਮਦਮੀ ਟਕਸਾਲ ਭਿੰਡਰਾਂਵਾਲੇ




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ
ਦੇ ਜਨਮ ਦਿਨ ਤੇ
ਆਵਾਜ਼ਿ ਕੌਮ AWAZE QAUM International Newspaper & WEB TV
2 ਜੂਨ ਨੂੰ ਰੋੜੇ ਪੁੱਜੋ
ਗੁਰਦੁਆਰਾ ਸੰਤ ਖਾਲਸਾ
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ
ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ

ਨਿਕਟਵਰਤੀ ਚੜਦੀਕਲਾ ਵਾਲੇ ਸਿੱਖ ਭਾਈ ਜੀਵਨ ਸਿੰਘ ਦਮਦਮੀ ਟਕਸਾਲ ਹਾਂਗਕਾਂਗ ਦੇ ਸਤਿਕਾਰਯੋਗ


# ਮਾਤਾ ਬਲਵਿੰਦਰ ਕੌਰ ਜੀ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਭਾਈ ਮੋਹਕਮ ਸਿੰਘ ਦਮਦਮੀ ਟਕਸਾਲ,ਭਾਈ ਮਲਕੀਤ ਸਿੰਘ ਮੁੱਖ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ








ਨਿਕਟਵਰਤੀ ਚੜਦੀਕਲਾ ਵਾਲੇ ਸਿੱਖ ਭਾਈ ਜੀਵਨ ਸਿੰਘ ਦਮਦਮੀ ਟਕਸਾਲ ਹਾਂਗਕਾਂਗ ਦੇ ਸਤਿਕਾਰਯੋਗ ਮਾਤਾ ਬਲਵਿੰਦਰ ਕੌਰ ਜੀ ਦੀ ਅੰਤਿਮ ਅਰਦਾਸ ਸਮੇਂ ਵੈਰਾਗਮਈ ਕੀਰਤਨ ਕਰਦੇ ਹੋਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਦਾਦੂ ਸਾਹਿਬ,ਸਰਧਾਜ਼ਲੀ ਭੇਂਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਭਾਈ ਮੋਹਕਮ ਸਿੰਘ ਦਮਦਮੀ ਟਕਸਾਲ,ਭਾਈ ਮਲਕੀਤ ਸਿੰਘ ਮੁੱਖ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ,ਭਾਈ ਰਘਬੀਰ ਸਿੰਘ ਰਾਜਾਸਾਂਸੀ ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ,ਸ.ਸਰਵਣ ਸਿੰਘ ਧੁੰਨ ਵਿਧਾਇਕ ਖੇਮਕਰਨ,ਇਸ ਸਮੇਂ ਭਾਈ ਵੱਸਣ ਸਿੰਘ ਜੱਫਰਵਾਲ,ਭਾਈ ਅਮਰਜੀਤ ਸਿੰਘ ਮਰਿਯਾਦਾ ਦਮਦਮੀ ਟਕਸਾਲ,ਭਾਈ ਮੇਜਰ ਸਿੰਘ ਅਜਨਾਲਾ,ਗਿ: ਜਤਿੰਦਰ ਸਿੰਘ ਦਮਦਮੀ ਟਕਸਾਲ,ਗਿ: ਦੀਪ ਸਿੰਘ ਸ੍ਰੀ ਪਾਉਂਟਾ ਸਾਹਿਬ ਵੀ ਹਾਜ਼ਰ ਸਨ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਅਵਤਾਰ ਪੁਰਬ

ਅਵਤਾਰ ਪੁਰਬ ਧੰਨ ਸ਼੍ਰੀ ਗੁਰੂ ਅੰਗਦ ਦੇਵ ਸਾਹਿਬ ਜੀ, ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਫ਼ਤਿਹ ਦਿਵਸ, ਸਲਾਨਾ ਬਰਸੀਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਗੱਗੋਬੂਹਾ (ਅੰਮ੍ਰਿਤ) ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ



ਭਾਰਤ ਦੀ ਕਾਂਗਰਸ ਸਰਕਾਰ ਨੇ ਜੂਨ 1984 ਘੱਲੂਘਾਰੇ ਤੇ ਕੀਤੇ ਸ਼ਹੀਦ ਸਿੰਘ ਸਿੰਘਣੀਆਂ ਭੁਝੰਗੀਆਂ ਦੀ ਸ਼ਹੀਦੀ ਨੂੰ ਸਮਰਪਿਤ 40 ਦਿਨ ਹਰ ਰੋਜ ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮਾਂ ਨੂੰ 7 ਤੋਂ 8 ਵਜ਼ੇ ਤੱਕ ਵਾਹਿਗੁਰੂ ਦਾ ਅਭਿਆਸ ਸਿਮਰਨ ਹੋਵੇਗਾ

ਸ਼ਨਿੱਚਰਵਾਰ 11 ਮਈ ਸ਼ਾਮ 5 ਤੋਂ 6 ਵਜ਼ੇ ਤੱਕ ਵਾਹਿਗੁਰੂ ਸਿਮਰਨ 6 ਤੋ 8 ਵਜ਼ੇ ਤੱਕ ਦੀਵਾਨ ਸੱਜਣਗੇ।

ਐਤਵਾਰ 12 ਮਈ 2024 ਸਮਾਂ 6 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਭਾਈ ਦਇਆ ਸਿੰਘ ਯੂ.,ਐਸ,ਏ ਵਾਲੇ ਅਤੇ ਭਾਈ ਜਸਪਾਲ ਸਿੰਘ ਬਟਾਲੇ ਵਾਲੇ ਕਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## ਭਾਈ ਪਰਮਜੀਤ ਸਿੰਘ ਜੀ ਦੀ ਪਹਿਲੀ ਬਰਸੀ 'ਤੇ ਵਿਸ਼ੇਸ਼

# ਸ਼ਹੀਦਾਂ ਵਾਲਾ ਪੰਜਵੜ

### "ਖ਼ਾਲਸਾ ਮੇਰੇ ਰੂਪ ਹੈ ਖਾਸ" ਤੇ ਫੇਰ ਖ਼ਾਲਸਾ ਵੀ ਤੇ ਬਾਪੂ ਵਰਗਾ ਹੋਇਆ ਨਾ ! ਕਾਹਦਾ ਹਿਜ਼ਰ ਉਜੜੇ ਘਰਾਂ ਦਾ ਤੇ ਵਿੱਛੜੇ ਸਰੀਰਾਂ ਦਾ !




ਪੱਤਰਕਾਰ ਮੇਜਰ ਸਿੰਘ ਦੀ ਕਿਤਾਬ ਪੰਜਾਬ ਖਾੜਕੂ ਲਹਿਰ ਦੇ ਜ਼ਲਜ਼ਲੇ ਤੋਂ ਬਾਅਦ !ਵਰਕੇ ਥੱਲਦਿਆਂ, ਹਕੂਮਤੀ ਕਹਿਰ ਦੀਆਂ ਗਾਥਾਵਾਂ ਪੜਦਿਆਂ ਧਿਆਨ ਆਪਣੇ ਕੌਮੀ ਜਰਨੈਲਾਂ ਦੇ ਉੱਜੜੇ ਘਰਾਂ ਦੀਆਂ ਮੂਰਤਾਂ ਤੇ ਜਾ ਪਿਆ ! ਉਦਾਸ ਮਨ ਨਾਲ ਕਿਤਾਬ ਹਿੱਕ ਤੇ ਰੱਖ ਛੱਤ ਵੱਲ ਵੇਂਹਦਿਆਂ ਸੋਚਾਂ ਵਿੱਚ ਈ ਪਤਾ ਨਾ ਲੱਗਾ, ਤੇ ਬਾਬਾ ਸ੍ਰੀ ਅਨੰਦਪੁਰ ਸਾਹਿਬ ਲੈ ਗਿਆ !

ਸ੍ਰੀ ਅਨੰਦਪੁਰ ਸਾਹਿਬ ਧਰਤ ਸੁਹਾਵੀ ਤੇ ਜੰਨਤ ਦਾ ਉਹ ਟੋਟਾ ਜਿੱਥੇ ਆਪ ਅਕਾਲ ਪੁਰਖ, ਪਰਮ ਪੁਰਖ ਕਾ ਦਾਸਾ ਬਣ ਜਗਤ ਤਮਾਸ਼ਾ ਵੇਖਣ ਲਈ ਸਾਖ਼ਸ਼ਾਤ ਬਿਰਾਜ ਮਾਨ ਹੈ ।ਪ੍ਰਸ਼ਾਦੀ ਹਾਥੀ ,ਪਸ਼ਮੀਨੇ ਦੀਆਂ ਹੀਰਿਆਂ ਜੜੀਆਂ ਚਾਨਣੀਆਂ, ਬੇਸ਼ੁਮਾਰ ਹੀਰੇ ਮੋਤੀ ਜਵਾਹਰਾਤ ਤੇ ਹਰ ਸੁੱਖ ਅਰਾਮ ਏ ! ਹੋਈ ਜੁ ਅਨੰਦਾਂ ਦੀ ਪੁਰੀ !

..ਤੇ ਅਗਲੇ ਪਲ ਹੀ ਮਾਛੀਵਾੜੇ ਦਾ ਬੀਆਬਾਨ ਜੰਗਲ ਨਾ ਪੈਰੀਂ ਜੋੜਾ ਜ਼ਖ਼ਮੀ ਚਰਨ ਕਮਲ, ਤੇ ਮਿੱਤਰ ਪਿਆਰੇ ਨੂੰ ਮੁਰੀਦ ਹਾਲ ਦੱਸ ਨਿਹਾਲੋ ਨਿਹਾਲ ਹੋ ਰਿਹਾ ! ਸ਼ੁਕਰਾਨੇ ਸਿਜਦੇ ਹੋ ਰਹੇ ਨੇ ਮਹਾਂਕਾਲ ਨੂੰ ! ਕਾਹਦਾ ਹਿਜ਼ਰ !

"ਖ਼ਾਲਸਾ ਮੇਰੇ ਰੂਪ ਹੈ ਖਾਸ" ਤੇ ਫੇਰ ਖ਼ਾਲਸਾ ਵੀ ਤੇ ਬਾਪੂ ਵਰਗਾ ਹੋਇਆ ਨਾ !ਕਾਹਦਾ ਹਿਜ਼ਰ ਉਜੜੇ ਘਰਾਂ ਦਾ ਤੇ ਵਿੱਛੜੇ ਸਰੀਰਾਂ ਦਾ ! ਜਿਹੜੇ ਘਰਾਂ ਦੇ ਚੁਲ੍ਹਿਆਂ ਚ, ਕਦੇ ਘਾਹ ਉੱਘੇ ਸੀ ਅੱਜ ਜੋੜ ਮੇਲੇ ਮਨਾਏ ਜਾ ਰਹੇ ਆ, ਘਰਾਂ ਤੋ ਵੀ ਦੂਰ ਸੰਸਾਰ ਭਰ ਵਿੱਚ ! ਇਹ ਦਸਮ ਪਾਤਸ਼ਾਹ ਦੇ ਪਰਚਿਆਂ ਚੋਂ, ਸੌ ਬੱਟਾ ਸੌ ਲੈਣ ਵਾਲੀਆਂ ਰੂਹਾਂ ਨੇ ! ਨਹੀਂ ਤੇ ਕਈ ਆਏ ਕਈ ਗਏ !

ਭਾਈ ਪਰਮਜੀਤ ਸਿੰਘ ਜੀ ਪੰਜਵੜ ਹੋਣਾ ਨੂੰ ਕੌਮ ਤੋ ਵਿੱਛੜਿਆਂ ਇਕ ਵਰ੍ਹਾ ਹੋ ਗਿਆ ਏ ! ਸੰਸਾਰ ਭਰ ਵਿਚ ਉਹਨਾਂ ਦੀ ਯਾਦ ਸ਼ਹੀਦੀ ਸਮਾਗਮ ਹੋ ਰਹੇ ਹਨ ਉਹਨਾਂ ਦੇ ਸ਼ਹੀਦ ਸਾਥੀਆਂ ਨੂੰ ਯਾਦ ਕੀਤਾ ਜਾ ਰਿਹਾ ਸਿਜਦੇ ਹੋ ਰਹੇ ਆ ! ਕੱਲ 6 ਮਈ ਸੋਮਵਾਰ ਪਿੰਡ ਪੰਜਵੜ ਸ਼ਹੀਦੀ ਸਮਾਗਮ ਹੈ ਜੱਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਬੀਬੀ ਬਲਵਿੰਦਰ ਕੌਰ ਜੀ ਮਾਤਾ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਮਾਤਾ ਜੀ ਤੇ ਬੀਬੀ ਖਾਲੜਾ ਜੀ ਤੋਂ ਇਲਾਵਾ ਪੰਥ ਦੀਆਂ ਸਿਰਮੌਰ ਸ਼ਖਸੀਅਤਾਂ ਹਾਜ਼ਰੀ ਭਰ ਰਹੀਆਂ ਹਨ ! ਇਸੇ ਤਰਾਂ ਦੁਨੀਆਂ ਦੇ ਹੋਰ ਮੁਲਕਾਂ ਵਾਂਗ ਕਨੇਡਾ ਦੇ ਸ਼ਹਿਰ ਬਰੈਪਟਨ 11 ਮਈ ਸ਼ਨੀਵਾਰ ਤੇ ਜਰਮਨ ਦੇ ਸ਼ਹਿਰ ਫਰੈਂਕਫੋਰਟ ਸ਼ਹੀਦੀ ਸਮਾਗਮ 12 ਮਈ ਐਤਵਾਰ ਦਾ ਹੈ

ਸਿੱਖ ਕੌਮ ਕੋਲ ਸ਼ਹੀਦ ਸਿੰਘਾ ਦਾ ਬੜਾ ਭਾਰੀ ਅਣਮੋਲ ਖਜ਼ਾਨਾ ਹੈ !ਸਮੱਸਤ ਸ਼ਹੀਦਾਂ ਨੂੰ ਨਮਨ ! ਪਰ ਅੱਜ ਦੇ ਸਿਜਦੇ ਪੰਜਵੜ ਪਿੰਡ ਦੀਆਂ ਮਹਾਨ ਮਾਤਾਵਾਂ ਦੇ ਨਾਂ ! ਪਿੰਡ ਪੰਜਵੜ ਭੰਗੀ ਮਿਸਲ ਦੇ ਸਿਰਲੱਥ ਸਿਰਦਾਰਾਂ ਦੀ ਜਨਮ ਭੋਂਅ ! ਉਹ ਸਿਰਦਾਰ ਜਿਹਨਾਂ ਦੇ ਨਾਂ ਤੇ ਭੰਗੀਆਂ ਵਾਲੀ ਤੋਪ ਵਜਦੀ ਏ ! ਇਸ ਪਿੰਡ ਦੀਆਂ ਮਾਤਾਵਾਂ ਨੂੰ ਮਰਜੀਵੜੇ ਜੰਮਣ ਦਾ ਰੱਬੀ ਵਰਦਾਨ ਹੈ ! ਇਸ ਪਿੰਡ ਦਾ ਕੋਈ ਘਰ ਜਾਂ ਜੀਅ ਐਸਾ ਨਹੀਂ ਹੋਵੇਗਾ ਜਿਸ ਕੌਮੀ ਘਰ ਖਾਲਿਸਤਾਨ ਦੀ ਜੰਗ ਏ ਅਜ਼ਾਦੀ ਚ, ਹਿੱਸਾ ਨਾ ਪਾਇਆ ਹੋਵੇ ! ਤਸ਼ੱਦਦ ਤੇ ਸ਼ਹਾਦਤ ਦੇ ਰੂਪ ਵਿਚ ਹਰ ਇਕ ਨੇ ਆਪਣਾ ਲਹੂ ਡੋਲਿਆ ! ਇਸ ਪਿੰਡ ਦੀਆਂ ਮਹਾਨ ਬੀਬੀਆਂ ਨੇ ਜਿੱਥੇ ਸ਼ਹੀਦ ਪੁੱਤ ਜੰਮੇ ਉੱਥੇ ਮੋਹਰੇ ਲੱਗ ਆਪ ਸ਼ਹਾਦਤਾਂ ਵੀ ਦਿੱਤੀਆਂ !

ਇਸ ਪਿੰਡ ਦੇ ਪ੍ਰਮੁਖ ਜਰਨੈਲ ਭਾਈ ਪਰਮਜੀਤ ਸਿੰਘ , ਭਾਈ ਸੁਖਦੇਵ ਸਿੰਘ ਤੇ ਭਾਈ ਡਾ. ਬਰਜਿੰਦਰ ਸਿੰਘ ਤੋ ਇਲਾਵਾ ਅਨੇਕਾਂ ਸੂਰਮੇ ਹੋਏ ਜਿਹਨਾਂ ਸ਼ਹਾਦਤਾਂ ਨਾਲ ਪਿੰਡ ਪੰਜਵੜ ਦਾ ਨਾਂ ਰੁਸ਼ਨਾਇਆ ! ਇਸ ਪਿੰਡ ਦੇ ਸ਼ਹੀਦਾਂ ਤੇ ਇੱਕ ਵੱਡਾ ਕਿਤਾਬਚਾ "ਸ਼ਹੀਦਾਂ ਵਾਲਾ ਪੰਜਵੜ" ਅੱਜ ਨਹੀ ਤੇ ਕੱਲ ਲਿੱਖਿਆ ਹੀ ਜਾਣਾ ! ਜਦੋਂ ਦਸਮ ਪਾਤਸ਼ਾਹ ਜੀ ਦੀ ਰਹਿਮਤ ਨਾਲ ਖ਼ਾਲਸਾ ਰਾਜ ਆਇਆ ਇਸ ਪਿੰਡ ਨੂੰ ਲੋਕ ਰਹਿੰਦੀ ਦੁਨੀਆਂ ਤੱਕ "ਸ਼ਹੀਦਾਂ ਵਾਲਾ ਪੰਜਵੜ" ਕਿਹਾ ਕਰਨਗੇ ! ਜੋੜ ਮੇਲੇ ਲੱਗਿਆ ਕਰਨਗੇ ! ਇਸ ਮਿੱਟੀ ਨੂੰ ਲੋਕਾਈ ਸਿਜਦੇ ਕਰੇਗੀ !

ਇਸ ਪਿੰਡ ਦੇ ਜਿੱਥੇ ਹਰ ਸ਼ਹੀਦ ਨੂੰ ਸਿਜਦਾ ਹੈ ਉੱਥੇ ਉਸ ਮਾਤਾ ਜੀ ਦੇ ਚਰਣਾ ਨੂੰ ਵੀ ਨਮਨ ਹੈ ਜਿਸ ਨੇ ਆਪਣਾ ਪੁੱਤ ਤੇ ਪੋਤਰਾ ਵੀ ਪੰਥ ਤੋ ਵਾਰਿਆ ! ਭਾਈ ਪਰਮਜੀਤ ਸਿੰਘ ਪੰਜਵੜ ਹੋਣਾ ਦੇ ਘਰ ਗੋਹਾ ਕੂੜਾ ਕਰਨ ਵਾਲੇ ਮਾਤਾ ਦੀਪੋ ਜੀ ਜਾਂ ਬੀਬੀ ਦਲੀਪ ਕੌਰ ਜੀ ਦੇ ਪੁੱਤਰ ਨਰਿੰਦਰ ਉਰਫ਼ ਬਾਹਮਣ ਤੇ ਪੋਤਰੇ ਤਾਰੀ ਨੂੰ ਛੇ ਮਹੀਨੇ ਦੀ ਵਿੱਥ ਤੇ ਸ਼ਹੀਦ ਕਰ ਦਿੱਤਾ ਗਿਆ ! ਇਕ ਹਿੰਦੂ ਵੀਰ ਅਜੀਤ ਕੁਮਾਰ ਪੰਜਵੜ ਵੀ ਖ਼ਾਲਸਾ ਰਾਜ ਦੇ ਸੰਗਰਾਮ ਵਿਚ ਆਪਾ ਵਾਰ ਗਿਆ !

ਆਵਾਜ਼ਿ ਕੌਮ AWAZE QAUM International Newspaper & WEB TV

ਜਿੱਥੇ ਇਸ ਨਗਰ ਦੇ ਮਹਾਨ ਸ਼ਹੀਦਾਂ ਸ਼ਹੀਦਾਂ ਨੂੰ ਸਿਜਦੇ ਨੇ ਉੱਥੇ ਇੱਕ ਬਦਬਖ਼ਤ ਰੂਹ ਨੂੰ ਲਾਹਨਤਾਂ ਪਾਉਣੀਆਂ ਵੀ ਬਣਦੀਆਂ ਜੋ ਇਤਹਾਸ ਚ, ਸਦੈਵ ਪੈਂਦੀਆਂ ਰਹਿਣੀਆਂ ! ਉਹ ਹੈ ਇਕ ਗ੍ਰਹਿਣੀ ਕੁੱਖ ਤੋਂ ਪੈਦਾ ਹੋਇਆ "ਕਾਲਾ ਕੈਟ" ਜਿਸ ਸਿੰਘਾਂ ਦੇ ਘਰ ਉਜਾੜਨ ਚ, ਕੋਈ ਕਸਰ ਨਹੀ ਛੱਡੀ ! ਕਾਲੇ ਨਾਂ ਦਾ ਲਾਹਨਤੀ ਜੋ ਖ਼ਾਕੀ ਵਰਦੀ ਚ, ਮਰੀ ਜ਼ਮੀਰ ਨੂੰ ਵਲ੍ਹੇਟ ਕੇ ਸਰਕਾਰੀ ਟੁੱਕੜ ਤੇ ਪਲ ਰਿਹਾ ਏ ! ਅੱਜ ਵੇਹੰਦਾ ਹੋਵੇਗਾ ਕਿ ਕਿਸ ਤਰਾਂ ਸ਼ਹੀਦਾਂ ਦੇ ਜੋੜ ਮੇਲੇ ਮਨਾਏ ਜਾ ਰਹੇ ਹਨ ! ਦੁਨੀਆਂ ਸਿਜਦੇ ਕਰ ਰਹੀ ਏ ! ਜੇ ਕੋਈ ਕਿਸੇ ਜੱਲਾਦ ਜੀਤੇ ਸੰਧੂ, ਸਵਰਨੇ ਘੋਟਣੇ, ਗਿੱਲ-ਬੇਅੰਤ ਜਾਂ ਹੋਰ ਪਾਪੀ ਪੁਲਿਸ ਵਾਲੇ ਦਾ ਸਕਾ ਸੋਧਰਾ ਲਿਖਤ ਪੜੇ ਤੇ ਸ਼ਹੀਦਾਂ ਦੇ ਸਮਾਗਮਾਂ ਤੇ ਜਾ ਕਿ ਵੇਖੇ ਖਾਲਸਾਈ ਜਲੌਅ ਤੇ ਪੱਤਾ ਲੱਗੇ ਕਿ ਕਿੱਦਾਂ ਚਮਕ ਰਹੇ ਹਾਢੇ ਆਲੇ ਸਿਤਾਰਾ ! ਓਏ ਮਰੀਆਂ ਜ਼ਮੀਰਾਂ ਆਲਿਓ, ਹਾਨੂੰ ਉਜਾੜਨ ਵਾਲਿਓ ਸਾਨੂੰ ਰੁਸ਼ਨਾਉਣ ਵਾਲਾ ਹਾਢਾ ਸੱਚੇ ਪਾਤਸ਼ਾਹ ਚਮਕੌਰ ਦੀ ਗ.ੜੀ ਤੋਂ ਰਹਿਮਤਾਂ ਦਾ ਮੀਂਹ ਵਰਸਾ ਰਿਹਾ ਤੇ ਤੁੰਹੀ ਮੂੰਹ ਕਾਲੇ ਕਰਵਾ ਲਏ ! ਦੋਂਹ ਜਹਾਨੀ ਲਾਹਨਤ ਖੱਟ ਲਈ !

ਸਮੂਹ ਸ਼ਹੀਦਾਂ ਨੂੰ ਪ੍ਰਣਾਮ !

**-ਬਿੱਟੂ ਅਰਪਿੰਦਰ ਸਿੰਘ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਸ੍ਰੀ ਨਾਢਾ ਸਾਹਿਬ ਪੰਚਕੂਲਾਂ ਵਿਖੇ


# ਪੰਥਕ ਸ਼ਖਸੀਅਤਾਂ ਵੱਲੋਂ ਲੜੀਵਾਰ ਗੁਰਬਾਣੀ ਕਥਾ ਵਿਆਖਿਆ 'ਚ ਹਾਜ਼ਰੀਆਂ ਭਰੀਆਂ












ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਸ੍ਰੀ ਨਾਢਾ ਸਾਹਿਬ ਪੰਚਕੂਲਾਂ ਵਿਖੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਧੰਨਵਾਦ ਅਤੇ ਸਨਮਾਨਿਤ ਕਰਦੇ ਸਿੰਘ ਸਾਹਿਬ ਗਿ:ਜਗਜੀਤ ਸਿੰਘ ਮੁੱਖ ਗ੍ਰੰਥੀ ਨਾਢਾ ਸਾਹਿਬ ਸਿੱਖ ਸੰਗਤਾਂ



ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ

# ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ ਕੈਂਥਲ ਵੱਲੋਂ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ "ਮਹਾਨ ਗੁਰਮਤਿ ਸਮਾਗਮ" ਆਯੋਜਿਤ










ਆਵਾਜ਼ਿ ਕੌਮ AWAZE QAUM International Newspaper & WEB TV




ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ ਕੈਂਥਲ ਵੱਲੋਂ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ "ਮਹਾਨ ਗੁਰਮਤਿ ਸਮਾਗਮ" ਗੁਰਦੁਆਰਾ ਨਿੰਮ ਸਾਹਿਬ ਕੈਂਥਲ ਵਿਖੇ ਅੱਜ ਕਰਵਾਇਆ ਗਿਆ ਜਿਸ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੌਕੀਨ ਸਿੰਘ ਜੀ,ਗਿਆਨੀ ਸਾਹਿਬ ਸਿੰਘ ਚੱਕੂ ਮੁੱਖ ਗ੍ਰੰਥੀ ਗੁਰਦੁਆਰਾ ਮੰਜੀ ਸਾਹਿਬ ਮੈਂਬਰ HSGMC ਨੇ ਗੁਰਬਾਣੀ ਕਥਾ ਕੀਰਤਨ ਕੀਤਾ ਇਸ ਸਮੇਂ ਮੈਂਬਰ ਅੰਗਰੇਜ਼ ਸਿੰਘ ਕੈਂਥਲ ਵੀ ਹਾਜ਼ਰ ਸਨ ਕਾਰਸੇਵਾ ਵਾਲੇ ਮਹਾਂਪੁਰਸ਼ ਬਾਬਾ ਮਹਿੰਦਰ ਸਿੰਘ ਜੀ ਬਾਉਲੀ ਸਾਹਿਬ ਪਿਹੋਵਾ ਵਾਲੇ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਨਵੇਂ ਅਨੰਦ ਕਾਰਜ ਹਾਲ ਅਤੇ ਸਟਾਫ ਦੇ ਰਿਹਾਇਸ਼ੀ ਕਮਰਿਆਂ ਦੀ ਸ਼ੁਰੂਆਤ ਟੱਪਾ ਲਗਾ ਕੇ ਕੀਤੀ ਗਈ। (ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਕਨੇਡਾ ਸਰਕਾਰ ਤੋਂ ਭਾਰਤ ਖ਼ਿਲਾਫ਼ ਪਬਲਿਕ ਇਨਕੁਆਰੀ ਕਰਨ ਦੀ ਮੰਗ - ਪੰਥਕ ਆਗੂ ਕਨੇਡਾ

# ਭਾਈ ਨਿੱਝਰ ਦੇ ਕਾਤਲਾਂ ਨੂੰ ਸਿੱਖ ਕੌਮ ਖ਼ਾਲਸਾ ਰਵਾਇਤਾਂ ਵਾਂਗੂ ਸਜ਼ਾ ਮੁਕੱਰਰ ਕਰੇਗੀ - ਬਾਗੜੀ

☛ ਖਾਲਿਸਤਾਨ ਜ਼ਿੰਦਾਬਾਦ ਤੇ ਭਾਈ ਹਰਦੀਪ ਸਿੰਘ ਨਿੱਜਰ ਦੇ ਹੱਕ ਵਿੱਚ ਨਾਅਰੇ ☛ ਉਚੇਰੀ ਵਿੱਦਿਆ ਲਈ ਆਏ, ਪੜਾਈ, ਕੰਮ ਛੱਡ ਕਾਤਲ ਬਣ ਗਏ




























**ਡੈਲਟਾ, 6 ਮਈ (ਸਰਬਜੀਤ ਸਿੰਘ ਬਨੂੜ)** - ਕਨੇਡਾ ਪੁਲਸ ਵੱਲੋਂ ਗੁਰੂ ਨਾਨਕ ਸਿੱਖ ਗੁਰਦਵਾਰਾ ਡੈਲਟਾ ਸਰੀ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਜਰ ਦੇ ਫੜੇ ਤਿੰਨ ਕਾਤਲਾਂ ਨੂੰ ਸਿੱਖ ਪੰਥ ਦੇ ਦੁਸ਼ਮਣ ਕਰਾਰ ਦਿੰਦਿਆਂ ਇਨ੍ਹਾਂ ਕਾਤਲਾਂ ਨੂੰ ਵੈਨਕੂਵਰ, ਸਰੀ ਵਿੱਚ ਮਦਦ ਕਰਨ, ਘਰਾਂ ਵਿੱਚ ਪੁਸ਼ਤ ਪਨਾਹ ਕਰਨ ਵਾਲਿਆਂ ਨੂੰ ਖੁਦ ਪੁਲਸ ਅੱਗੇ ਪੇਸ਼ ਹੋ ਕੇ ਮਦਦ ਕਰਨ ਦੀ ਸਲਾਹ ਦਿੱਤੀ ਗਈ ਹੈ ਅਤੇ ਪੰਜਾਬ ਰਹਿੰਦੇ ਤਿੰਨੇ ਕਤਲ ਕਰਨ ਵਾਲੇ ਦੇ ਪਰਿਵਾਰਾਂ ਨੂੰ ਭਾਈ ਹਰਦੀਪ ਸਿੰਘ ਨਿੱਜਰ ਦੇ ਕਤਲ ਦੀ ਗਲਤੀ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਭੁੱਲ ਬਖਸ਼ਾਉਣ ਲਈ ਕਿਹਾ ਗਿਆ ਹੈ। ਇਸ ਮੌਕੇ ਵੱਖ ਵੱਖ ਗੁਰਦਵਾਰਿਆਂ ਦੇ ਮੁਖੀਆਂ, ਸਿੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਇੱਕ ਜੁੱਟ ਹੋ ਕੇ ਗੁਰੂ ਨਾਨਕ ਸਿੱਖ ਗੁਰਦਵਾਰਾ ਡੈਲਟਾ ਸਰੀ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਜਰ ਦੇ ਕਤਲ ਲਈ ਭਾਰਤੀ ਏਜੰਸੀਆਂ ਤੇ ਕਨੇਡਾ ਦੇ ਭਾਰਤੀ ਅੰਬੈਸੀ ਦੇ ਅਹੁਦੇਦਾਰਾਂ ਨੂੰ ਮੁੱਖ ਦੋਸ਼ੀ ਐਲਾਨਿਆ ਗਿਆ ਜਿਨਾਂ ਦੇ ਇਸ਼ਾਰੇ 'ਤੇ ਖਾਲਿਸਤਾਨ ਆਗੂ ਦਾ ਕਤਲ ਕੀਤਾ ਗਿਆ। ਬੁਲਾਰਿਆ ਨੇ ਖਾਲਿਸਤਾਨ ਜ਼ਿੰਦਾਬਾਦ ਤੇ ਭਾਈ ਹਰਦੀਪ ਸਿੰਘ ਨਿੱਜਰ ਦੇ ਹੱਕ ਵਿੱਚ ਨਾਅਰੇ ਲਾਏ ਗਏ। ਕਨੇਡਾ ਪੁਲਸ ਵੱਲੋਂ ਭਾਈ ਹਰਦੀਪ ਸਿੰਘ ਨਿੱਜਰ ਦੇ ਸ਼ਹਾਦਤ ਦਿਨ ਤੋਂ ਪਹਿਲਾਂ ਕਾਤਲਾਂ ਵਿਰੁੱਧ ਕੀਤੀ ਕਾਰਵਾਈ ਤੇ ਤਸੱਲੀ ਪਰਗਟ ਕਰਦਿਆਂ, ਭਾਰਤੀ ਅੰਬੈਸੀ ਵਾਲਿਆਂ ਦੇ ਸ਼ਾਮਲ ਮੋਹਰੀ ਅਹੁਦੇਦਾਰਾਂ ਦੇ ਚੇਹਰੇ ਨੰਗੇ ਕਰਨ ਦੀ ਮੰਗ ਨੂੰ ਲੈ ਕੇ ਗੁਰਦਵਾਰਾ ਸਾਹਿਬ ਦੇ ਭਰੇ ਹਾਲ ਵਿੱਚ ਸ਼ਰਧਾਂਜਲੀ ਦੇਣ ਪਹੁੰਚੇ ਬੁਲਾਰਿਆਂ ਨੇ ਸਮੂਹ ਸੰਗਤਾਂ ਦੀ ਮਨਜ਼ੂਰੀ ਨਾਲ ਕਨੇਡਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਤੇ ਜਨਰਲ ਇਨਕੁਆਰੀ ਦੇ ਨਾਲ ਨਾਲ ਇਕੱਲੇ ਭਾਰਤ ਦੇ ਉੱਪਰ ਪਬਲਿਕ ਇਨਕੁਆਰੀ ਕਰਨ ਦੀ ਪੁਰ-ਜ਼ੋਰ ਅਪੀਲ ਕੀਤੀ ਗਈ ਹੈ ਤਾਂ ਜੋ ਕਨੇਡਾ ਵਿੱਚ ਭਾਰਤ ਦੀ ਹਰੇਕ ਕਨੇਡੀਅਨ ਧਰਤੀ ਤੇ ਨਾਗਰਿਕਾਂ ਵਿਰੋਧੀ ਕੀਤੀ ਜਾਂਦੀ ਹਰੇਕ ਗਤੀਵਿਧੀ ਨੂੰ ਲੋਕਾਂ ਤੱਕ ਪਹੁੰਚਿਆ ਜਾ ਸਕੇ। ਪੰਥਕ ਆਗੂਆਂ ਨੇ ਨਿੱਜਰ ਦੇ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ ਗਈ ਹੈ ਅਤੇ ਇਨ੍ਹਾਂ ਪੁਸ਼ਤ ਪਨਾਹ ਦੇਣ ਵਾਲਿਆਂ ਦੇ ਚੇਹਰੇ ਨੰਗੇ ਕਰਨ ਦੀ ਮੰਗ ਕੀਤੀ ਗਈ ਹੈ। ਕਨੇਡਾ ਵਿੱਚ ਉਚੇਰੀ ਵਿੱਦਿਆ ਲਈ ਆਏ, ਪੜਾਈ, ਕੰਮ ਛੱਡ ਕਾਤਲ ਬਣ ਗਏ। ਬੁਲਾਰਿਆਂ ਨੇ ਕਿਹਾ ਭਾਰਤੀ ਏਜੰਸੀਆਂ ਵੱਲੋਂ ਖਾਲਿਸਤਾਨ ਆਗੂਆਂ ਦੇ ਕਤਲ ਕਰਨ ਦੇ ਇਰਾਦਿਆਂ ਨਾਲ, ਇਨ੍ਹਾਂ ਪੜ੍ਹਾਕੂਆਂ ਨੂੰ ਟਰੇਨਿੰਗ ਦੇ ਕੇ ਹੀ ਕਨੇਡਾ ਭੇਜਿਆ ਗਿਆ ਤਾਂ ਜੋ ਵਿਦੇਸ਼ਾਂ ਵਿੱਚ ਖਾਲਿਸਤਾਨ ਲਹਿਰ ਨੂੰ ਬਿਲਕੁਲ ਖਤਮ ਕਰ ਦਿੱਤਾ ਜਾਵੇ। ਇਸ ਮੌਕੇ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਿੱਜਰ ਦੇ ਕਾਤਲਾਂ ਦੀਆਂ ਵੱਡੀਆਂ ਤਸਵੀਰਾਂ ਤੇ ਪੰਜਾਬ ਕੇ ਕਨੇਡਾ ਵਿਚਲੇ ਰਿਹਾਇਸੀ ਪਤੇ ਬਾਹਰ ਗੇਟ ਤੇ ਲਾਉਣ ਦਾ ਐਲਾਨ ਕੀਤਾ ਗਿਆ ਤਾਂ ਜੋ ਉਨ੍ਹਾਂ ਦੇ ਨੇੜਲੇ ਲੋਕਾਂ ਤੇ ਕਨੇਡੀਅਨ ਕਾਨੂੰਨ ਰਾਹੀਂ ਸਜ਼ਾ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਵਿਸ਼ਵਾਸ ਦਿਵਾਇਆ ਹੈ ਕਿ ਇਸ ਕੇਸ ਵਿੱਚ ਤਿੰਨੇ ਕਾਤਲਾਂ ਤੋਂ ਇਲਾਵਾ ਹੋਰ ਸ਼ਾਮਲ ਕਰੀਦਿੰਆ ਨੂੰ ਜਲਦੀ ਲੋਕ ਕਚਹਿਰੀ ਵਿੱਚ ਲਿਆਂਦਾ ਜਾਵੇਗਾ। ਜਿਕਰਯੋਗ ਹੈ ਕਿ ਭਾਈ ਨਿੱਜਰ ਦੇ ਤਿੰਨੇ ਕਾਤਲ ਭਾਰਤ ਪੰਜਾਬ ਦੇ ਬਾਸ਼ੰਦਿ ਹਨ ਤੇ ਵਿਦਿਆਰਥੀ ਵੀਜ਼ੇ ਤੇ ਕਨੇਡਾ ਵਿੱਚ ਪੜਨ ਆਏ ਸਨ। ਜਥੇਦਾਰ ਅਜੈਬ ਸਿੰਘ ਬਾਗੜੀ ਨੇ ਸਖ਼ਤ ਸ਼ਬਦਾਂ ਵਿੱਚ ਇਨ੍ਹਾਂ ਕਾਤਲਾਂ ਲਈ ਕਿਹਾ ਕਿ ਇਨ੍ਹਾਂ ਨੇ ਗੁਰਦਵਾਰਾ ਸਾਹਿਬ ਦੀ ਹਦੂਦ ਵਿੱਚ ਇਹ ਕਤਲ ਕੀਤਾ ਹੈ। ਭਾਵੇਂ ਅਦਾਲਤਾਂ ਇਨ੍ਹਾਂ ਨੂੰ ਕਦੇ ਛੱਡ ਦੇਣ ਪਰੰਤੂ ਸਿੱਖ ਕੌਮ ਖ਼ਾਲਸਾ ਰਵਾਇਤਾਂ ਵਾਂਗੂ ਇਨ੍ਹਾਂ ਨੂੰ ਸਜ਼ਾ ਮੁਕੱਰਰ ਜ਼ਰੂਰ ਕਰੇਗੀ ਤੇ ਹਾਲ ਵਿੱਚ ਬੈਠੀ ਸੰਗਤ ਨੇ ਜੈਕਾਰਿਆਂ ਨਾਲ ਇਸ ਦੀ ਪ੍ਰਵਾਨਗੀ ਦਿੱਤੀ ਗਈ। ਪੰਥਕ ਸਟੇਜ ਤੋਂ ਨੌਜਵਾਨਾਂ ਨੇ ਐਲਾਨ ਕੀਤਾ ਕਨੇਡਾ ਵਿੱਚ ਖਾਲਿਸਤਾਨ ਬਣਨ ਤੇ ਖਾਲਿਸਤਾਨ ਦੀ ਪਹਿਲੀ ਅੰਬੈਸੀ ਇਸ ਗੁਰਦਵਾਰਾ ਸਾਹਿਬ ਵਿੱਚ ਬਣੇਗੀ। ਇਸ ਮੌਕੇ ਭਾਈ ਨਿੱਜਰ ਦੇ ਕਾਤਲਾਂ ਦਾ ਕਨੇਡਾ ਤੇ ਪੰਜਾਬ ਵਿੱਚ ਪਰਿਵਾਰਕ ਮੈਂਬਰਾਂ, ਪਨਾਹ ਦੇਣ ਵਾਲਿਆਂ ਦਾ ਆਰਥਿਕ, ਧਾਰਮਿਕ ਤੌਰ ਤੇ ਮੁਕੰਮਲ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਭਾਈ ਹਰਦੀਪ ਸਿੰਘ ਨਿੱਜਰ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਇਸ ਮੌਕੇ ਸੰਗਤਾਂ ਨੇ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿੱਚ ਭਾਈ ਹਰਦੀਪ ਸਿੰਘ ਨਿੱਜਰ ਦੀ ਤਸਵੀਰ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਲਾਉਣ ਲਈ ਮਨਜ਼ੂਰੀ ਦਿੱਤੀ ਗਈ ਹੈ। ਇਸ ਮੌਕੇ ਇਸ ਮੌਕੇ ਭਾਈ ਗੁਰਮੀਤ ਸਿੰਘ ਤੂਫ਼ਾ, ਜਥੇਦਾਰ ਅਜੈਬ ਸਿੰਘ ਬਾਗੜੀ, ਭਾਈ ਹਰਪਾਲ ਸਿੰਘ, ਬੀ ਸੀ ਗੁਰਦਵਾਰਾ ਕੌਂਸ਼ਲ ਦੇ ਮੁੱਖ ਬੁਲਾਰੇ ਭਾਈ ਮਨਿੰਦਰ ਸਿੰਘ, ਭਾਈ ਮਨਜਿੰਦਰ ਸਿੰਘ, ਭਾਈ ਗੁਰਕੀਰਤ ਸਿੰਘ, ਭਾਈ ਮਲਕੀਤ ਸਿੰਘ, ਭਾਈ ਹਰਬੰਸ ਸਿੰਘ ਔਜ਼ਲਾ, ਸੁਨੀਲ ਕੁਮਾਰ , ਭਾਈ ਜਗਤਾਰ ਸਿੰਘ, ਬਾਬਾ ਰਣਜੀਤ ਸਿੰਘ , ਗੁਰਦਵਾਰਾ ਬਾਬਾ ਬੰਦਾ ਸਿੰਘ ਬਹਾਦਰ, ਗੁਰਦਵਾਰਾ ਦਸਮੇਸ਼ ਦਰਬਾਰ, ਸ ਹਰਭਜਨ ਸਿੰਘ ਅਟਵਾਲ ਮੁੱਖ ਸੇਵਾਦਾਰ ਗੁਰਦਵਾਰਾ ਸਿੱਖ ਸਾਗਰ, ਸ ਜਸਪ੍ਰੀਤ ਸਿੰਘ, ਭਾਈ ਲਖਪੰਤ ਸਿੰਘ, ਭਾਈ ਪਰਮਿੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਗਿਆ ਭਾਈ ਹਰਦੀਪ ਸਿੰਘ ਨਿੱਜਰ ਦੇ ਸ਼ਹਾਦਤ ਦਿਨ ਤੋਂ ਪਹਿਲਾਂ ਗੁਰਦਵਾਰਾ ਸਾਹਿਬ ਦੇ ਅੰਦਰ ਭਾਈ ਨਿੱਜਰ ਦੀ ਯਾਦ ਵਿੱਚ ਜਲਦੀ ਹੀ ਸ਼ਹਾਦਤ ਗੇਟ ਦਾ ਨਿਰਮਾਣ ਕਰ ਲੋਕ ਅਰਪਨ ਕੀਤਾ ਜਾਵੇਗਾ। ਇਸ ਮੌਕੇ ਰਾਗੀ, ਢਾਡੀ ਜਥਿਆਂ ਵੱਲੋਂ ਸ਼ਹੀਦੀ ਵਾਰਾਂ ਗਾਈਆਂ ਗਈਆਂ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਮਹਾਨ ਜਰਨੈਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ
੩੦੦ ਸਾਲਾਂ ਜਨਮ ਸ਼ਤਾਬਦੀ ਦੇ ਸਮਾਪਨ ਦੇ ਮੌਕੇ ਤੇ
ਸ਼ੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਸਮੂਹ ਦਲ ਪੰਥ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਅਤੇ ਚੜਦੀ ਕਲਾ ਟਾਈਮ ਟੀਵੀ ਦੇ ਸਹਿਯੋਗ ਨਾਲ
ਕਾਰ ਸੇਵਾ ਗੁਰਦੁਆਰਾ ਚਿੱਲ੍ਹਾ ਸਾਹਿਬ ਸਿਰਸਾ
ਬਾਬਾ ਜੱਸਾ ਸਿੰਘ ਰਾਮਗੜ੍ਹਿਆ ਜਨਮ ਸ਼ਤਾਬਦੀ ਕਮੇਟੀ
ਇੰਟਰਨੈਸ਼ਨਲ ਸਿੱਖ ਫੋਰਮ
ਸ਼ੋਮਣੀ ਗਤਕਾ ਫੈਡਰੇਸ਼ਨ ਆਫ ਇੰਡੀਆ
ਵਲੋਂ
ਆਵਾਜ਼ਿ ਕੌਮ AWAZE QAUM International Newspaper & WEB TV
SGFI
ISF INTERNATIONAL SIKH FORUM
ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ ਮੁਖੀ ਬੁੱਢਾ ਦਲ
ਸਿੰਘ ਸਾਹਿਬ ਗਿ: ਹਰਪ੍ਰੀਤ ਸਿੰਘ ਜੀ ਜੱਥੇਦਾਰ ਤਖਤ ਸ਼੍ਰੀ ਦਮਦਮਾ ਸਾਹਿਬ
ਮਹਾਨ ਸ਼ਤਾਬਦੀ ਗੁਰਮਤਿ ਸਮਾਗਮ
ਸਥਾਨ : ਗੁਰਦੁਆਰਾ ਚਿੱਲ੍ਹਾ ਸਾਹਿਬ, ਸਿਰਸਾ
ਮਿਤਿ : 12 ਮਈ 2024 ਦਿਨ : ਐਤਵਾਰ, ਸਮਾਂ ਸਵੇਰੇ 9:00 ਵਜੇ ਤੋਂ ਦੁਪਿਹਰ 3:00 ਵਜੇ ਤੱਕ
ਸਿੰਘ ਸਾਹਿਬ ਬਾਬਾ ਮਾਨ ਸਿੰਘ ਜੀ ਮੜ੍ਹੀਆਂ ਵਾਲੇ
ਜਥੇਦਾਰ ਬਾਬਾ ਜਗਤਾਰ ਸਿੰਘ ਜੀ (ਗੁਰਦੁਆਰਾ ਚਿੱਲ੍ਹਾ ਸਾਹਿਬ)
ਸਮਾਗਮ ਦੌਰਾਨ ਇਤਿਹਾਸਿਕ ਸ਼ਸਤਰਾਂ ਦੇ ਦਰਸ਼ਨ ਬੁੱਢਾ ਦਲ ਵਲੋਂ ਕਰਵਾਏ ਜਾਣਗੇ
ਪਹੁੰਚ ਰਹੇ ਸੰਤ ਮਹਾਪੁਰਸ਼, ਰਾਗੀ, ਢਾਡੀ, ਪ੍ਰਚਾਰਕ ਅਤੇ ਪੰਥਕ ਸ਼ਖਸ਼ੀਅਤਾਂ
ਜ: ਭੁਪਿੰਦਰ ਸਿੰਘ ਅਸੰਧ ਪ੍ਰਧਾਨ ਹਰਿਆਣਾ ਗੁ: ਪ੍ਰ: ਕਮੇਟੀ
ਜ: ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਗੁ: ਪ੍ਰ: ਕਮੇਟੀ
ਸ੍ਰ: ਜਗਜੀਤ ਸਿੰਘ ਦਰਦੀ ਪਦਮ ਸ਼੍ਰੀ ਅਤੇ ਪ੍ਰਧਾਨ ਸਿੱਖ ਫੋਰਮ
ਭਾਈ ਗੁਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
ਭਾਈ ਜਸਕਰਨ ਸਿੰਘ ਜੀ ਪੰਥ ਪ੍ਰਸਿੱਧ ਰਾਗੀ ਜੱਥਾ ਪਟਿਆਲਾ ਵਾਲੇ
ਡਾ ਸੁਖਪ੍ਰੀਤ ਸਿੰਘ ਉਦੋਕੇ ਪੰਥ ਪ੍ਰਸਿੱਧ ਹਿਸ਼ਟੋਰਿਅਨ ਅਤੇ ਪ੍ਰਚਾਰਕ
ਭਾਈ ਸੁਖਜੀਤ ਸਿੰਘ ਘਨਇਆ ਪੰਥ ਪ੍ਰਸਿਧ ਕਥਾ ਵਾਚਕ ਬੁੱਢਾ ਦਲ
ਖਾਲਸਾ ਫਤਿਹ ਮਾਰਚ
11 ਮਈ 2024, ਸ਼ਾਮ 3:00 ਵਜੇ
ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਹਿਸਾਰ ਤੋਂ ਸਵੇਰੇ 9 ਵਜੇ ਆਰੰਭ ਹੋ ਕੇ ਢੰਡੂਰ, ਅਗਰੋਹਾ, ਫਤਿਹਾਬਾਦ, ਡਿੰਗ ਹੁੰਦਾ ਹੋਇਆ ਸ਼ਾਮ ੩ ਵਜੇ ਸਿਰਸਾ ਹੁੱਡਾ ਚੋਕ ਪਹੁੰਚ ਕੇ ਵੱਖ ਵੱਖ ਬਾਜਾਰਾਂ ਤੋਂ ਹੁੰਦਾ ਹੋਇਆ ਸ਼ਾਮ 7 ਵਜੇ ਗੁਰਦੁਆਰਾ ਚਿੱਲ੍ਹਾ ਸਾਹਿਬ ਸਮਾਪਤੀ ਹੋਵੇਗੀ
18 ਵੀਂ ਸਦੀ ਦੇ ਕੁਰਬਾਨੀਆਂ ਭਰੇ ਸਿੱਖ ਇਤਿਹਾਸ ਤੇ ਆਧਾਰਿਤ ਇਤਿਹਾਸਕ ਲਾਈਟ ਅਤੇ ਸਾਉਂਡ ਨਾਟਕ
ਕੌਮ ਦਾ ਯੋਧਾ
11 ਮਈ 2024, ਸ਼ਾਮ 7:00 ਵਜੇ
11 ਮਈ ਨੂੰ ਨਿਹੰਗ ਸਿੰਘ ਜੱਥੇਬੰਦੀਆਂ ਜੰਗੀ ਘੋੜੇ ਅਤੇ ਊਠਾਂ ਸਮੇਤ ਪੂਰੇ ਜਾਹੋ ਜਲਾਲ ਨਾਲ ਖਾਲਸਾ ਫਤਿਹ ਮਾਰਚ ਵਿਚ ਸ਼ਾਮਿਲ ਹੋਣਗੀਆਂ ਅਤੇ
12 ਮਈ ਨੂੰ ਗੁਰਦੁਆਰਾ ਚਿੱਲ੍ਹਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ
ਫ੍ਰੀ ਮੈਡਿਕਲ ਕੈਂਪ, ਖੂਨ-ਦਾਨ ਕੈਂਪ ਅਤੇ ਇਤਿਹਾਸਿਕ ਚਿਤਰ ਪ੍ਰਦਰਸ਼ਨੀ ਵੀ ਰਹੇਗੀ
Media Partner
CHARDIKLA TIME TV
ਸੰਪਰਕ: 98964-51113, 94164-13612, 94160-45751, 94160-05797, 81684-29100

## ਇੰਟਰਨੈਸ਼ਨਲ ਪੰਥਕ ਦਲ ਵੱਲੋਂ ਲੁਧਿਆਣਾ ਤੋਂ ਆਜ਼ਾਦ ਉਮੀਦਵਾਰ ਕਮਲਜੀਤ ਸਿੰਘ ਬਰਾੜ ਦੀ ਹਮਾਇਤ

# ਪੰਥਕ ਸੋਚ ਵਾਲੇ ਉਮੀਦਵਾਰ ਜਿਤਾਉਣਾ ਸਮੇਂ ਦੀ ਲੋੜ : ਸਿੰਘ ਸਾਹਿਬ



**ਲੁਧਿਆਣਾ, 6 ਮਈ (ਆਵਾਜ਼ਿ ਕੌਮ ਬਿਊਰੋ)**-ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਕਿਹਾ ਹੈ ਕਿ ਪਾਰਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਅੱਜ ਲੁਧਿਆਣਾ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਭਾਈ ਕਮਲਜੀਤ ਸਿੰਘ ਬਰਾੜ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ। ਸਿੰਘ ਸਾਹਿਬ ਨੇ ਇਸ ਮੌਕੇ ਦੱਸਿਆ ਕਿ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਪੰਥਕ ਧਿਰਾਂ ਅੱਗੇ ਇੱਕੋ ਇੱਕ ਬਦਲ ਹੈ ਕਿ ਪੰਥਕ ਸੋਚ ਵਾਲੇ ਉਮੀਦਵਾਰਾਂ ਦੀ ਹਮਾਇਤ ਕੀਤੀ ਜਾਵੇ। ਸਿੰਘ ਸਾਹਿਬ ਨੇ ਕਿਹਾ ਕਿ ਪੰਥਕ ਸੋਚ ਵਾਲੇ ਉਮੀਦਵਾਰ ਜਿੱਤ ਕੇ ਲੋਕ ਸਭਾ ਵਿੱਚ ਜਾਣਗੇ ਤਾਂ ਉਹ ਪੰਥਕ ਮੁੱਦਿਆਂ ਬਾਰੇ ਬਿਨਾਂ ਕਿਸੇ ਡਰ ਖੌਫ ਦੇ ਆਪਣੀ ਗੱਲ ਰੱਖ ਸਕਣਗੇ। ਸਿੰਘ ਸਾਹਿਬ ਨੇ ਹੋਰ ਵੀ ਪੰਥਕ ਧਿਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਦੇ ਸਾਰੇ ਲੋਕ ਸਭਾ ਹਲਕਿਆਂ ਤੋਂ ਪੰਥਕ ਸੋਚ ਵਾਲੇ ਉਮੀਦਵਾਰਾਂ ਦੀ ਤਨ ਮਨ ਅਤੇ ਧਨ ਨਾਲ ਮੱਦਦ ਕਰਨ ਲਈ ਅੱਗੇ ਆਉਣ। ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਮੈਂਬਰ, ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਸੰਤ ਬਾਬਾ ਚਰਨਜੀਤ ਸਿੰਘ ਜਸੋਵਾਲ ਦਮਦਮੀ ਟਕਸਾਲ ਭਿੰਡਰਾਂਵਾਲੇ, ਭਾਈ ਦਲੀਪ ਸਿੰਘ ਚਕਰ ਕਨਵੀਨਰ ਇੰਟਰਨੈਸ਼ਨਲ ਪੰਥਕ ਦਲ, ਕੁਲਦੀਪ ਸਿੰਘ ਡੱਲਾ ਜ਼ਿਲ੍ਹਾ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ, ਹਰਕ੍ਰਿਸ਼ਨ ਸਿੰਘ ਕੋਠੇ ਜੀਵਾ ਜਗਰਾਂਓ ਜ਼ਿਲ੍ਹਾ ਪ੍ਰਧਾਨ ਦਿਹਾਤੀ, ਬੂਟਾ ਸਿੰਘ ਮਲਕ ਜ਼ਿਲ੍ਹਾ ਪ੍ਰਧਾਨ ਕਿਸਾਨ ਬਚਾਓ ਮੋਰਚਾ, ਸੁਰਿੰਦਰਪਾਲ ਸਿੰਘ ਹਵਾਸ ਜਿਲਾ ਪ੍ਰਧਾਨ ਸ਼ਹਿਰੀ, ਏਕਮ ਸਿੰਘ ਜੱਟਪੁਰੀ ਜ਼ਿਲ੍ਹਾ ਮੀਤ ਪ੍ਰਧਾਨ, ਜਰਨੈਲ ਸਿੰਘ ਰਾਏ ਜਰਨਲ ਸਕੱਤਰ, ਰਣਜੀਤ ਸਿੰਘ ਖਾਲਸਾ ਸ਼ਹਿਰੀ ਮੀਤ ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ, ਮਨਪ੍ਰੀਤ ਸਿੰਘ ਸੁਧਾਰ, ਬਲਵਿੰਦਰ ਸਿੰਘ ਕੈਲੇ, ਸ਼ਿੰਗਾਰਾ ਸਿੰਘ, ਗੁਰਪ੍ਰੀਤ ਸਿੰਘ, ਲਖਵੀਰ ਸਿੰਘ ਖਾਲਸਾ, ਸੁਖਦੀਪ ਸਿੰਘ, ਅਰਸ਼ਦੀਪ ਸਿੰਘ ਭੂੰਦੜੀ, ਤਰਸੇਮ ਸਿੰਘ, ਲਵਪ੍ਰੀਤ ਸਿੰਘ ਕੋਟਮਾਨ, ਰਾਜ ਗਗੜਾ, ਗੁਰਜੰਟ ਸਿੰਘ ਚਕਰ, ਥਾਣੇਦਾਰ ਬਲਵੰਤ ਸਿੰਘ ਸਿੱਧਵਾਂ ਕਲਾਂ ਅਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ।

## ਦਿਨ ਵੋਟਾਂ ਦੇ



ਜਦੋਂ ਕੁਹਾੜੇ ਪੁੱਛਣ ਸੁੱਖਸਾਂਦ ਰੁੱਖਾਂ ਦੀ
ਸਮਝੋ ਦਿਨ ਵੋਟਾਂ ਦੇ ਨੇੜੇ
ਮਤਲਬ ਲਈ ਇਹ ਘਰ ਘਰ ਬੋੜਨ,
ਗਰੀਬ ਦੇ ਅੱਗੇ ਹੱਥ ਵੀ ਜੋੜਨ
ਜਦ ਗੁੱਡੀ ਅਸਮਾਨੀਂ ਚੜ੍ਹਜੇ,
ਫਿਰ ਸਭ ਕੀਤੇ ਵਾਅਦੇ ਤੋੜਨ
ਬੁੜੀਆਂ ਦੇ ਮੂਹੋਂ ਇੱਕ ਗੱਲ ਨਿਕਲੇ,
ਬਹਿ ਜਾਵਣ ਇਹਨਾਂ ਦੇ ਬੇੜੇ
ਜਦੋਂ ਕੁਹਾੜੇ ਪੁੱਛਣ ਸੁੱਖਸਾਂਦ ਰੁੱਖਾਂ ਦੀ
ਸਮਝੋ ਦਿਨ ਵੋਟਾਂ ਦੇ ਨੇੜੇ।
ਅਸੀ ਤੁਹਾਡੇ ਤੁਹਾਡੇ ਵਿੱਚ ਬਹਿਣਾ,
ਫਿਰ ਨਹੀਂ ਪੈਣਾਂ ਦੁਖੜਾ ਸ਼ਹਿਣਾ,
ਜਦ ਆ ਗਈ ਸਰਕਾਰ ਆਪਣੀ,
ਕੋਈ ਬੇਰੁਜ਼ਗਾਰ ਨਹੀਂ ਰਹਿਣਾ
ਆਖ਼ਣ ਚੌਵੀ ਘੰਟੇ ਥੋਡੇ ਵਿਚ ਰਹਿਣ,
ਫਿਰ ਮਾਰਨ ਓਹੀ ਸਾਲਾਂ ਤੋਂ ਗੇੜੇ
ਜਦੋਂ ਕੁਹਾੜੇ ਪੁੱਛਣ ਸੁੱਖਸਾਂਦ ਰੁੱਖਾਂ ਦੀ
ਸਮਝੋ ਦਿਨ ਵੋਟਾਂ ਦੇ ਨੇੜੇ।
ਵੋਟਾਂ ਵਿੱਚ ਮੁੱਦੇ ਛੇੜਨ ਗੁੱਝੇ,
ਪਤਾ ਨਹੀਂ ਗੱਲ ਫਿਰ ਕਿੱਥੋਂ ਸੁੱਝੇ,
ਗੱਲਾਂ ਵਿੱਚ ਵਿਸ਼ਵਾਸ ਵੀ ਦਿੰਦੇ,
ਕੌਣ ਇਹਨਾਂ ਦੀ ਬੁਝਾਰਤ ਬੁੱਝੇ,
"ਲਾਲੀ" ਦੁੱਖ ਦੇ ਵਿਚ ਸ਼ਰੀਕ ਹੁੰਦੇ ਨਾਂ,
ਚੰਗੇ ਕੀ ਲੱਗਣ ਖੁਸ਼ੀਆਂ ਖੇੜੇ
ਜਦੋਂ ਕੁਹਾੜੇ ਪੁੱਛਣ ਸੁੱਖਸਾਂਦ ਰੁੱਖਾਂ ਦੀ
ਸਮਝੋ ਦਿਨ ਵੋਟਾਂ ਦੇ ਨੇੜੇ।

**ਲੇਖਕ: ਲਾਲੀ ਗੋਸਲ, ਪਿੰਡ: ਦੌਲਤਪੁਰਾ (ਗੋਸਲ)**
**ਸੰਪਰਕ: 82888-47149**
**ਪੇਸ਼ਕਸ਼: ਗੁਰਜੰਟ ਸਿੰਘ ਨਥੇਹਾ**

## ਲੈਸਟਰ ਦੀ ਓਡਬੀ ਪੰਜਾਬੀ ਐਸੋਸੀਏਸ਼ਨ ਵਲੋਂ

# ਵੈਸਾਖੀ ਮੇਲੇ ਦਾ ਸਫਲ ਆਯੋਜਿਨ

## ਲੈਸਟਰ ਦੇ ਕੋਨੇ ਕੋਨੇ ਤੋਂ ਪੰਜਾਬੀ ਭਾਈਚਾਰੇ ਨੇ ਭਾਰੀ ਸੰਖਿਆ ਵਿਚ ਸ਼ਿਰਕਤ ਕੀਤੀ









**ਲੈਸਟਰ, 6 ਮਈ (ਆਵਾਜ਼ਿ ਕੌਮ ਬਿਊਰੋ)**-ਸਥਾਨਕ ਓਡਬੀ ਪੰਜਾਬੀ ਐਸੋਸੀਏਸ਼ਨ ਵਲੋਂ ਬੀਤੇ ਦਿਨ ਇਥੋਂ ਦੀ ਹੈਂਬਲ ਰੋਡ 'ਤੇ ਸਥਿੱਤ ਸੇਂਟ ਪਾਲ ਚਰਚ ਦੇ ਖੁੱਲ੍ਹੇ ਹਾਲ ਵਿਚ ਵੈਸਾਖੀ ਮੇਲੇ ਦਾ ਆਯੋਜਿਨ ਕੀਤਾ ਗਿਆ ਜਿਸ ਵਿਚ ਲੈਸਟਰ ਦੇ ਕੋਨੇ ਕੋਨੇ ਤੋਂ ਪੰਜਾਬੀ ਭਾਈਚਾਰੇ ਨੇ ਭਾਰੀ ਸੰਖਿਆ ਵਿਚ ਸ਼ਿਰਕਤ ਕੀਤੀ ।

ਮੇਲੇ ਦੀ ਸ਼ੁਰੂਆਤ ਵਿਚ ਐਸੋਸੀਏਸ਼ਨ ਦੇ ਚੇਅਰਮੈਨ ਮੱਖਣ ਸਿੰਘ ਢਡਵਾੜ ਨੇ ਜਿਥੇ ਐਸੋਸੀਏਸ਼ਨ ਦੇ ਬਾਕੀ ਪ੍ਰਬੰਧਕਾਂ ਦੀ ਜਾਣ ਪਹਿਚਾਣ ਕਰਵਾਈ ਉਥੇ ਨਾਲ ਹੀ ਐਸੋਸੀਏਸ਼ਨ ਦੇ ਮੁੱਖ ਮਨੋਰਥ ਤੇ ਟੀਚਿਆਂ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ।

ਮੱਖਣ ਸਿੰਘ ਢਡਵਾੜ ਨੇ ਇਸ ਮੌਕੇ ਆਪਣੇ ਸੰਬੋਧਿਨ ਵਿਚ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇਕ ਪਲੇਟ ਫਾਰਮ ਉੱਤੇ ਇਕੱਤਰ ਕਰਨ ਦਾ ਆਪਣਾ ਵਾਅਦਾ ਦੁਹਰਾਉਂਦਿਆ ਕਿਹਾ ਕਿ ਉਹ ਦੋਹਾਂ ਪੰਜਾਬਾਂ ਚ ਵਸਦੇ ਪੰਜਾਬੀਆਂ ਦਾ ਏਕਾ ਕਰਾਉਣ ਵਾਸਤੇ ਆਪਣੇ ਯਤਨ ਜਾਰੀ ਰੱਖਣਗੇ ਤੇ ਇਹ ਉਹਨਾਂ ਯਤਨਾਂ ਦਾ ਹੀ ਨਤੀਜਾ ਹੈ ਕਿ ਇਸ ਮੇਲੇ ਵਿਚ ਦੋਹਾਂ ਪੰਜਾਬਾਂ ਦਾ ਭਾਈਚਾਰਾ ਵਧ ਚੜ੍ਹਕੇ ਸ਼ਾਮਿਲ ਹੋਇਆ ਹੈ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਮੁਹੰਮਦ ਅਨਵਰ ਨੇ ਐਸੋਸੀਏਸ਼ਨ ਦੇ ਮੁੱਖ ਮਨੋਰਥ ਦੀ ਗੱਲ ਕਰਦਿਆਂ ਕਿਹਾ ਕਿ ਇਹ ਐਸੋਸੀਏਸ਼ਨ ਕਿਸੇ ਵੀ ਤਰਾਂ ਦੇ ਭਿੰਨ ਭੇਦ 'ਤੋਂ ਉੱਪਰ ਉਠਕੇ ਬਣਾਈ ਗਈ ਹੈ । ਇਸ ਦੇ ਆਹੁਦੇਦਾਰਾਂ ਵਿਚ ਹਰ ਸ਼ੋਹਬੇ ਦੇ ਮੈਂਬਰ ਸ਼ਾਮਿਲ ਹਨ ਜਿਸ ਕਰਕੇ ਐਸੋਸੀਏਸ਼ਨ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੈ ।ਉਹਨਾਂ ਇਹ ਵੀ ਕਿਹਾ ਪੰਜਾਬੀ ਚੜ੍ਹਦੇ ਚ ਵਸਦੇ ਹੋਣ ਜਾਂ ਲਹਿੰਦੇ ਵਿਚ, ਉਹ ਸਿਰਫ ਤੇ ਸਿਰਫ ਪੰਜਾਬੀ ਹਨ ਅਤੇ ਆਪਸ ਵਿਚ ਅੰਤਾਂ ਦੀ ਮੁਹੱਬਤ ਕਰਦੇ ਹਨ । ਉਹਨਾਂ ਕਿਹਾ ਕਿ ਇਸ ਐਸੋਸੀਏਸ਼ਨ ਦਾ ਮੁੱਖ ਮੰਤਵ ਵੀ ਦੋਵੇਂ ਪਾਸਿਆਂ ਦੇ ਪੰਜਾਬੀਆਂ ਦਾ ਮਿਲਾਪ ਕਰਾਉਣਾ ਅਤੇ ਸਾਂਝੇ ਤੌਰ 'ਤੇ ਲੋਕ ਭਲੇ ਦੇ ਕਾਰਜ ਕਰਨਾ ਹੀ ਹੈ ।

ਬਾਅਦ ਦੁਪਹਿਰ ਢਾਈ ਕੁ ਵਜੇ ਸ਼ੁਰੂ ਹੋਏ ਇਸ ਮੇਲੇ ਵਿਚ ਸਥਾਨਕ ਕੌਂਸਲਰਾਂ ਜਿਹਨਾਂ ਵਿਚ ਕਮਲ ਘਟੋਰੇ, ਕੌਂਸਲਰ ਸੋਨੀਆ ਹੱਕ, ਕੌਂਸਲਰ ਮੁਹੰਮਦ ਹਲਾਮ, ਮੁਹੰਮਦ ਨਵੀਦ, ਮੁਹੰਮਦ ਅਨਵਰ ਨੇ ਉਚੇਚੇ ਤੌਰ 'ਤੇ ਸ਼ਰਿਕਤ ਕੀਤੀ ।

ਪੰਜਾਬੀ ਅਤੇ ਅੰਗਰੇਜੀ ਭਾਸ਼ਾ ਦੇ ਨਾਮਵਰ ਬੁੱਧੀ ਜੀਵੀ ਪ੍ਰੋ ਸ਼ੰਗਾਰਾ ਸਿੰਘ ਢਿੱਲੋਂ ਇਸ ਮੇਲੇ ਦੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ । ਉਹਨਾਂ ਨੇ ਆਪਣੇ ਸੰਬੋਧਿਨ ਵਿਚ ਜਿਥੇ ਵੈਸਾਖੀ ਦੇ ਸੱਭਿਆਚਾਰਕ ਮਹੱਤਵ ਦੀ ਗੱਲ ਕੀਤੀ ਉਥੇ ਸੱਭਿਆਚਾਰ ਅਤੇ ਪੰਜਾਬੀ ਬੋਲੀ ਦੀ ਅਹਿਮੀਅਤ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ । ਵੈਸਾਖੀ ਬਾਰੇ ਗੱਲ ਕਰਦਿਆ ਉਹਨਾਂ ਕਿਹਾ ਕਿ ਇਹ ਇਕ ਸੱਭਿਆਚਾਰਕ ਤਿਓਹਾਰ ਹੈ ਜਿਸ ਦਾ ਸਬੰਧ ਮੌਸਮ ਦੀ ਤਬਦੀਲੀ, ਕਣਕ ਦੀ ਫਸਲ ਦੇ ਪੱਕਣਾ ਅਤੇ 13 ਅਪਰੈਲ 1699 ਨੂੰ ਆਨੰਦਪੁਰ ਸਾਹਿਬ ਵਿਖੇ ਜਾਤ ਪਾਤ ਅਤੇ ਧਾਰਮਿਕ ਭਿੰਨ ਭੇਦ ਦਾ ਖਾਤਮਾ ਕਰਕੇ ਜੁਲਮ ਨਾਲ ਟੱਕਰ ਲੈਣ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਕੀਤੀ ਗਈ ਸਾਜਨਾ ਨਾਲ ਹੈ।

ਅੱਗੇ ਚੱਲਕੇ ਉਹਨਾ ਨੇ ਮਾਂ ਬੋਲੀ ਪੰਜਾਬੀ ਨੂੰ ਸਾਫ ਸੁਥਰਾ ਰੱਖਣ ਵਾਸਤੇ ਗੱਲਬਾਤ ਕਰਦਿਆਂ ਗਾਲਾਂ ਦੀ ਵਰਤੋਂ ਤੋਂ ਸਮੂਹ ਪੰਜਾਬੀਆਂ ਨੂੰ ਗੁਰੇਜ ਕਰਨਾ ਚਾਹੀਦਾ ਹੈ । ਇਸ ਸੰਬੰਧ ਵਿਚ ਉਹਨਾਂ ਉੱਘੇ ਅਮਰੀਕਣ ਲੇਖਕ ਤੇ ਪੱਤਰਕਾਰ ਅਰਨਿਸ਼ਟ ਹੈਮਿੰਗਵੇ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਇਸ ਸਬੰਧ ਚ ਘਰੈਲੂ ਮਾਹੌਲ ਤੇ ਸੰਸਕਾਰਾਂ ਬਹੁਤ ਵੱਡਾ ਸੋਗਦਾਨ ਪਾ ਸਕਦੇ ਹਨ ।

ਜਿਕਰਯੋਗ ਹੈ ਕਿ ਹੈ ਇਹ ਐਸੋਸੀਏਸ਼ਨ ਸਾਢੇ ਕੁ ਤਿੰਨ ਸਾਲ ਪਹਿਲਾਂ ਇਥੋਂ ਦੇ ਕਾਰੋਬਾਰੀ ਮੱਖਣ ਸਿੰਘ ਢਡਵਾੜ ਦੇ ਯਤਨਾ ਨਾਲ ਹੋਂਦ ਵਿਚ ਆਈ ਸੀ ਜੋ ਹੁਣ ਲੋਕ ਸੇਵਾ ਤੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਭਾਈਚਾਰੇ ਦੀਆਂ ਆਪਸੀ ਸਾਂਝਾ ਨੂੰ ਪੱਕਿਆਂ ਕਰਨ ਵਿਚ ਬਹੁਤ ਹੀ ਨਿੱਗਰ ਯੋਗਦਾਨ ਪਾ ਰਹੀ ਹੈ ।

ਕੁਰੀਬ ਢਾਈ ਕੁ ਸੋ ਦੇ ਇਕੱਠ ਵਾਲੇ ਇਸ ਸਮਾਗਮ ਦੀ ਖਾਸ ਗੱਲ ਇਹ ਰਹੀ ਕਿ ਇਸ ਵਿਚ ਚੜ੍ਹਦੇ ਅਤੇ ਲਹਿੰਦੇ ਦੋਹਾਂ ਪੰਜਾਬਾਂ ਦੇ ਭਾਈਚਾਰੇ ਨੇ ਵੱਧ ਚੜ੍ਹਕੇ ਹਿੱਸਾ ਲਿਆ । ਮਰਦਾਂ ਨਾਲੋਂ ਔਰਤਾਂ ਅਤੇ ਬੱਚਿਆਂ ਦੀ ਸੰਖਿਆ ਵਧੇਰੇ ਸੀ ।

ਇਸ ਮੌਕੇ 'ਤੇ ਕਰੀਰ ਡੀ ਜੇ ਗਰੁੱਪ ਵਲੋਂ ਬਹੁਤ ਹੀ ਸ਼ਾਨਦਾਰ ਰੰਗਾ ਰੰਗ ਪਰੋਗਰਾਮ ਪੇਸ਼ ਕੀਤਾ ਗਿਆ ਅਤੇ ਚਾਹ ਪਾਣੀ ਦਾ ਅਤੁੱਟ ਲੰਗਰ ਵੀ ਵਰਤਿਆ ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਓਡਬੀ ਪੰਜਾਬੀ ਐਸੋਸੀਏਸ਼ਨ ਵਲੋਂ ਵੈਸਾਖੀ ਮੇਲੇ ਦਾ ਇਹ ਇਕ ਬਹੁਤ ਹੀ ਸਫਲ ਤੇ ਯਾਦਗਾਰੀ ਆਯੋਜਿਨ ਸੀ ਜੋ ਮਨੋਰੰਜਨ ਦੇ ਨਾਲ ਨਾਲ ਭਾਈਚਾਰਕ ਸਾਂਝਾ ਨੂੰ ਹੋਰ ਪੱਕਿਆਂ ਕਰ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦਮਦਮੀ ਟਕਸਾਲ ਮਹਿਤਾ ਵੱਲੋਂ

# ਪੰਜਵੇਂ ਦਿਨ ਦੇ ਸ਼ਹੀਦੀ ਦੀਵਾਨ ਗੁਰੂ ਕੀ ਬੇਰ ਸਾਹਿਬ ਸਜੇ

**ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸੂਰਜ ਪਰਕਾਸ਼ ਗਰੰਥ ਵਿੱਚੋਂ ਪੰਜਵੇਂ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਜੀਵਨੀ ਅਤੇ ਗਿਰਫ਼ਤਾਰ ਦਾ ਪ੍ਰਸੰਗ ਸੰਗਤਾਂ ਨੂੰ ਸਰਵਨ ਕਰਵਾਇਆ**








**ਚੌਂਕ ਮਹਿਤਾ, 6 ਮਈ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਕੀਰਤਨ ਅਤੇ ਕਥਾ ਸਮਾਗਮਾ ਦੀ ਲੜੀ ਦਮਦਮੀ ਟਕਸਾਲ ਮਹਿਤਾ ਤਹਿਤ ਅੱਜ ਮੀਰੀ ਪੀਰੀ ਦੀ ਚਰਨ ਛੋਹ ਪਵਿੱਤਰ ਪਾਵਨ ਧਰਤੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ (ਮੱਤੇਵਾਲ) ਸੰਤ ਬਾਬਾ ਸੱਜਣ ਜੀ ਅਗਵਾਈ ਹੇਠ ਸਮਾਗਮ ਸਜਾਏ ਗਏ।ਦਮਦਮੀ ਟਕਸਾਲ ਦੇ ਵਿਦਿਆਰਥੀਆਂ ਨੇ ਤੰਤੀ ਸਾਜਾ ਦੁਆਰਾ ਸੰਗਤਾਂ ਨੂੰ ਰਾਗਾਂ ਵਿੱਚ ਕੀਰਤਨ ਸਰਵਨ ਕਰਵਾਇਆ ਗਿਆ। ਇਸ ਦੌਰਾਨ ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸੂਰਜ ਪਰਕਾਸ਼ ਗਰੰਥ ਵਿੱਚੋਂ ਪੰਜਵੇਂ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਜੀਵਨੀ ਅਤੇ ਗਿਰਫ਼ਤਾਰ ਦਾ ਪ੍ਰਸੰਗ ਸੰਗਤਾਂ ਨੂੰ ਸਰਵਨ ਕਰਵਾਇਆ।1 ਜੂਨ ਤੋਂ ਦਮਦਮੀ ਟਕਸਾਲ ਮਹਿਤਾ ਦੇ ਹੈਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪਰਕਾਸ਼ ਵਿਖੇ 6 ਤੱਕ ਸਾਮ ਦੇ ਦੀਵਾਨ ਸਜਾਏ ਜਾਣਗੇ ।6 ਜੂਨ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਾਵਨ ਦੇ ਲੜੀ ਭੋਗ ਪੈਣਗੇ।ਤੀਸਰੇ ਘੱਲੂਘਾਰੇ ਦੇ ਸਮੂਹ ਸਹੀਦਾ ਦੀ ਯਾਦ ਵਿੱਚ 40 ਵੀ ਵਰੇਗੰਢ ਮਨਾਈ ਜਾਵੇਗੀ ।1984 ਵਿੱਚ ਵਾਪਰੇ ਤੀਸਰੇ ਘੱਲੂਘਾਰੇ ਦੇ ਇਤਿਹਾਸਕ ਪਲਾਂ ਤੋਂ ਜਾਣੂ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਇਸ ਘੱਲੂਘਾਰੇ ਦੌਰਾਨ ਕੌਮ ਦੇ ਸੂਰਬੀਰਾਂ ਯੋਧਿਆਂ ਨੇ ਆਪਣੇ ਗੁਰੂਧਾਮਾਂ ਦੀ ਰੱਖਿਆ ਕਰਦੇ ਹੋਏ ਕੌਮ ਦੀ ਚੜਦੀ ਲਈ ਜਾਬਰ ਦੇ ਜੁਲਮ ਦਾ ਡੱਟ ਕਿ ਸਾਹਮਣਾ ਕੀਤਾ ਅਤੇ ਸ਼ਹੀਦੀ ਜਾਮ ਪੀਤਾ। ਉਪਰੰਤ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਜੀ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਵਿੱਚ ਹਾਜਰੀਆ ਭਰ ਕੇ ਸਹੀਦਾਂ ਸਿੰਘਾ ਨੂੰ ਸਰਧਾ ਦੇ ਫ਼ੁੱਲ ਭੇਟ ਕੀਤੇ ਜਾਣ। ਇਸ ਦੌਰਾਨ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਵਾਲੇ, ਸੰਤ ਸਮਾਜ ਦੇ ਮੁੱਖ ਬੁਲਾਰੇ ਸੰਤ ਬਾਬਾ ਗੁਰਭੇਜ ਸਿੰਘ ਖੁਜਾਲੇ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਡੇਰਾ ਭਗਤਾਂ ਤਰਸਿੱਕਾ ਵਾਲੇ, ਸੰਤ ਬਾਬਾ ਬਾਬਾ ਲਖਬੀਰ ਸਿੰਘ ਭੰਗਾਲੀ ਵਾਲੇ, ਸੰਤ ਬਾਬਾ ਕਵਲਜੀਤ ਸਿੰਘ ਨਾਗੀਆਨ ਵਾਲੇ, ਸੰਤ ਬਾਬਾ ਗੁਰਦਿਆਲ ਸਿੰਘ ਕਾਲੇਕੇ ਵਾਲੇ, ਗਿਆਨੀ ਮਲਕੀਅਤ ਸਿੰਘ ਜੱਬੋਵਾਲ ਵਾਲੇ, ਬਾਬਾ ਸੁਖਵੰਤ ਸਿੰਘ ਚੰਨਣਕੇ ਵਾਲੇ, ਗਿਆਨੀ ਪ੍ਰਗਟ ਸਿੰਘ ਭੀਲੋਵਾਲ, ਜਥੇਦਾਰ ਬਾਬਾ ਅਜੀਤ ਸਿੰਘ ਤਰਨਾ ਦੱਲ ਮਹਿਤਾ ਵਾਲੇ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ ਸ੍ਰੀ ਆਨੰਦਪੁਰ ਸਾਹਿਬ ਵਾਲੇ, ਪ੍ਰਿੰਸੀਪਲ ਗੁਰਦੀਪ ਸਿੰਘ, ਡਾ, ਅਵਤਾਰ ਸਿੰਘ ਬੁੱਟਰ, ਹਰਸ਼ਦੀਪ ਸਿੰਘ ਰੰਧਾਵਾ, ਭਾਈ ਤੇਜਬੀਰ ਸਿੰਘ ਭਲਾਈ ਪੁਰ, ਜਥੇਦਾਰ ਮੇਜਰ ਸਿੰਘ, ਹੈਡ ਗ੍ਰੰਥੀ ਭਾਈ ਸੁਲਖਨ ਸਿੰਘ, ਸੰਤ ਬਾਬਾ ਸਮਸੇਰ ਸਿੰਘ ਸੈਦੋ ਲੇਹਲ, ਭਾਈ ਸਵਿੰਦਰ ਸਿੰਘ, ਡਾ, ਜਸਮੇਲ ਸਿੰਘ, ਗੁਰਦੇਵ ਸਿੰਘ ਯੂ, ਐਸ, ਏ, ਸਰਪੰਚ ਕਸ਼ਮੀਰ ਸਿੰਘ ਮਹਿਤਾ, ਹਰਜਿੰਦਰ ਸਿੰਘ ਸਰਪੰਚ ਚੌਂਕ ਮਹਿਤਾ ਆਦਿ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਇੱਕ ਨਜ਼ਰ



## ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ

# ਅੰਮ੍ਰਿਤਸਰ ਨੂੰ ਸੰਪੂਰਨ ਸਮਾਰਟ ਸਿਟੀ ਬਣਾਉਣ ਦਾ ਵਿਜ਼ਨ ਰੱਖਦਾ ਹੈ: ਸੌਰਭ ਮਹਾਜਨ, ਅਦਿੱਤਿਆ ਮਹਿਰਾ

ਅੰਮ੍ਰਿਤਸਰ, 6 ਮਈ (ਆਵਾਜ਼ਿ ਕੌਮ ਬਿਊਰੋ)- ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਇੱਕ ਮਹਾਨ ਡਿਪਲੋਮੈਟ ਹੈ ਜਿਸ ਦੀ ਵਿਸ਼ਵ ਨੇਤਾਵਾਂ ਵਲੋਂ ਪ੍ਰਸ਼ੰਸਾ ਕੀਤੀ ਜਾਂਦੀ ਹੈ। ਜਿਸ ਵਿੱਚ ਜੋ ਬਿਡੇਨ ਅਤੇ ਨਰਿੰਦਰ ਮੋਦੀ ਸ਼ਾਮਲ ਹਨ। ਇੱਕ ਬਹੁਤ ਹੀ ਤਜਰਬੇਕਾਰ ਕੂਟਨੀਤਕ ਜਿਸ ਦਾ ਦੁਨੀਆ ਭਰ ਤੋਂ ਪ੍ਰਭਾਵਸ਼ਾਲੀ ਫਾਲੋਇੰਗ ਰਿਹਾ, ਉਹ ਸਾਡੇ ਦੇਸ਼ ਦੀ ਬਿਹਤਰੀ ਲਈ ਵੱਡੇ ਕੂਟਨੀਤਕ ਸਬੰਧਾਂ ਅਤੇ ਸਖ਼ਤ ਫ਼ੈਸਲਿਆਂ ਦਾ ਹਿੱਸਾ ਰਿਹਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਯੁਵਾ ਮੋਰਚਾ ਦੇ ਜਨਰਲ ਸਕੱਤਰ ਸੌਰਭ ਮਹਾਜਨ, ਅਦਿੱਤਿਆ ਮਹਿਰਾ ਅਤੇ ਕੁੰਵਰ ਸਰਕਾਰੀਆ ਦੁਆਰਾ ਕੀਤਾ ਗਿਆ। ਨੌਜਵਾਨ ਆਗੂਆਂ ਨੇ ਕਿਹਾ ਕਿ ਤਰਨਜੀਤ ਸਿੰਘ ਸੰਧੂ ਦੀ ਸ਼ਖ਼ਸੀਅਤ ਨੂੰ ਉਨ੍ਹਾਂ ਦੀ ਲੋਕਾਂ ਪ੍ਰਤੀ ਸੂਝ ਅਤੇ ਉਨ੍ਹਾਂ ਦੀਆਂ ਭਵਿੱਖ ਦੀਆਂ ਆਸਾਂ ਅਤੇ ਵਿਸਥਾਰ ਵੱਲ ਧਿਆਨ ਦੇਣ ਤੋਂ ਸਮਝਿਆ ਜਾ ਸਕਦਾ ਹੈ। ਉਹ ਸਮਾਜ ਅਤੇ ਕਾਰੋਬਾਰਾਂ ਨਾਲ ਜੁੜਦਾ ਹੈ। ਉਸ ਦੇ ਨਜ਼ਰੀਏ ਤੋਂ ਅੰਮ੍ਰਿਤਸਰ ਵਿੱਚ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ ਹੈ। ਸੰਧੂ ਸਮੁੰਦਰ ਅੰਮ੍ਰਿਤਸਰ ਦੀ ਮਿੱਟੀ ਦੇ ਸੱਚੇ ਪੁੱਤਰ ਹਨ ਅਤੇ ਹੁਣ ਆਪਣੀ ਦ੍ਰਿੜ ਇੱਛਾ ਸ਼ਕਤੀ ਅਤੇ ਦ੍ਰਿੜ ਇਰਾਦੇ ਨਾਲ ਉਹ ਭਾਜਪਾ ਵੱਲੋਂ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਦੀ ਚੋਣ ਲੜ ਰਹੇ ਹਨ। ਅੰਮ੍ਰਿਤਸਰ ਨੇ ਉਮੀਦ ਅਤੇ ਉਤਸ਼ਾਹ ਦੀ ਨਵੀਂ ਹਵਾ ਤੇ ਸਵੇਰ ਦਾ ਸਵਾਗਤ ਕੀਤਾ ਹੈ। ਕਿਉਂਕਿ ਸਾਡੇ ਕੋਲ ਇਹ ਭਾਜਪਾ ਉਮੀਦਵਾਰ ਹਨ ਜੋ ਅੰਮ੍ਰਿਤਸਰ ਵਿੱਚ ਸਾਡੇ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਸਭ ਤੋਂ ਵਧੀਆ ਉਮੀਦਵਾਰ ਹਨ। ਭਾਜਪਾ ਨੇ ਸੱਚਮੁੱਚ ਸਾਨੂੰ ਇੱਕ ਅਜਿਹਾ ਉਮੀਦਵਾਰ ਦਿੱਤਾ ਹੈ ਜੋ ਪੜ੍ਹਿਆ-ਲਿਖਿਆ, ਭ੍ਰਿਸ਼ਟਾਚਾਰ ਮੁਕਤ ਅਤੇ ਨਿਰਸਵਾਰਥ ਹੈ, ਉਹ ਸਾਡੇ ਸਿਪਾਹੀ ਵਾਂਗ ਹੈ ਜੋ ਫੌਜ ਤੋਂ ਸੇਵਾਮੁਕਤ ਹੋ ਕੇ ਸਾਡੇ ਲਈ ਲੜਨ ਲਈ ਆਇਆ ਹੈ। ਤਰਨਜੀਤ ਸਿੰਘ ਸੰਧੂ ਇੱਕ ਬਹੁਤ ਹੀ ਗੈਰਅਭਿਲਾਸ਼ੀ ਨੇਤਾ ਹਨ, ਜਿਨ੍ਹਾਂ ਦਾ ਦ੍ਰਿਸ਼ਟੀਕੋਣ ਜਵਾਬਦੇਹੀ ਅਤੇ ਚੰਗੇ ਸ਼ਾਸਨ ਦੇ ਨਾਲ ਸਮਾਜ, ਵਪਾਰ ਅਤੇ ਸਾਰਿਆਂ ਲਈ ਤਰੱਕੀ ਹੈ। ਵਿਦੇਸ਼ਾਂ ਵਿੱਚ 3+1 ਸਾਲ ਦੀ ਪੜ੍ਹਾਈ, ਉਨ੍ਹਾਂ ਦੀ ਕਾਲਜਾਂ ਤੱਕ ਪਹੁੰਚ ਅਤੇ ਖੇਤੀਬਾੜੀ ਅਤੇ ਦੂਜੇ ਦੇਸ਼ਾਂ ਵਿੱਚ ਇਸਦੀ ਨਿਰਯਾਤ 'ਤੇ ਧਿਆਨ ਕੇਂਦਰਿਤ ਕਰਨਾ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ। ਉਹ ਕਿਸਾਨ ਪੱਖੀ ਕਾਰੋਬਾਰ ਅਤੇ ਜਵਾਬਦੇਹ ਸ਼ਾਸਨ ਦਾ ਵਕੀਲ ਹੈ। ਅੰਮ੍ਰਿਤਸਰ ਲਈ ਉਸ ਦੇ ਰੋਡਮੈਪ ਦੇ ਅਨੁਸਾਰ, ਉਸ ਦਾ ਦ੍ਰਿਸ਼ਟੀਕੋਣ ਅੰਮ੍ਰਿਤਸਰ ਨੂੰ ਬਿਹਤਰ ਬਣਾਉਣਾ ਅਤੇ ਇਸਨੂੰ 2027 ਤੱਕ ਭਾਰਤ ਦਾ ਮੁਕੰਮਲ ਸਮਾਰਟ ਸਿਟੀ ਬਣਾਉਣਾ ਹੈ।

# ਸਰਬੱਤ ਦੇ ਭਲੇ ਅਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਮੌਕੇ ਕਰਵਾਇਆ ਕੀਰਤਨ ਦਰਬਾਰ



ਚੌਕ ਮਹਿਤਾ, 6 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)- ਸਰਬੱਤ ਦੇ ਭਲੇ ਅਤੇ ਸ੍ਰ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਮਨਾਉਣ ਸੰਬਧੀ ਰਾਮਗੜ੍ਹੀਆ ਭਵਨ ਵਿਖੇ ਵੈਲਫ਼ੇਅਰ ਕਮੇਟੀ ਸੈਕਟਰ 27 ਵਲੋ ਉਲੀਕੇ ਤੇਰਾ ਹੀ ਤੇਰਾ ਮਿਸ਼ਨ ਅਤੇ ਸੈਕਟਰ 8 ਗੁਰਦਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ ਸੁਖਜਿੰਦਰ ਸਿੰਘ ਬਹਿਲ ਜੀ ਦੇ ਸਹਿਯੋਗ ਨਾਲ ਵਿਸ਼ੇਸ਼ ਕੀਰਤਨ ਦਰਬਾਰ ਕਰਵਾਇਆ ਗਿਆ ਇਸ ਮੌਕੇ ਕੀਰਤਨ ਦੀ ਸੇਵਾ ਡਾ. ਹਰਜੀਤ ਸਿੰਘ ਸਭਰਵਾਲ, ਸ੍ਰ ਜੋਰਾਵਰ ਸਿੰਘ ਅਤੇ ਸਾਥੀਆਂ ਵਲੋ ਕੀਤੀ ਗਈ ਡਾ. ਹਰਜੀਤ ਸਿੰਘ ਸਭਰਵਾਲ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਸੋਸਾਇਟੀ (ਰਜਿ)ਦੇ ਜਨਰਲ ਸਕੱਤਰ ਹਨ ਪਿਛਲੇ 25 ਸਾਲਾਂ ਤੋਂ ਸੰਗਤਾਂ ਨੂੰ ਕੀਰਤਨ ਰਾਹੀਂ ਗੁਰੂ ਨਾਲ ਜੋੜ ਰਹੇ ਹਨ ਅਤੇ ਤੇਰਾ ਹੀ ਤੇਰਾ ਮਿਸ਼ਨ ਦੇ ਪ੍ਰੋਜੈਕਟ ਚਲਾ ਰਹੇ ਹਨ ਇਸ ਮੌਕੇ ਸ੍ਰ ਡੀ ਪੀ ਸਿੰਘ ਸਾਬਕਾ ਸੀ ਈ ਓ ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ ਨੇ ਸੰਗਤਾ ਨੂੰ ਜੀ ਆਇਆਂ ਕਿਹਾ ਅਤੇ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਵਸ ਦੀਆ ਵਧਾਈਆ ਦਿੱਤੀਆ ਅਤੇ ਸ੍ਰ ਅਮਰਦੀਪ ਸਿੰਘ ਸਹਿਗਲ ਰਿਟਾ ਚੀਫ਼ ਮੈਨੇਜਰ ਐਸ ਬੀ ਆਈ ਅਤੇ ਵੈਲਫ਼ੇਅਰ ਕਮੇਟੀ ਸੈਕਟਰ 27 ਚੰਡੀਗੜ੍ਹ ਦੇ ਕੈਸ਼ੀਅਰ ਹਨ ਓਹਨਾ ਨੂੰ ਸੈਕਟਰ 27 ਦੇ ਸੀਨੀਅਰ ਸਿਟੀਜਨ ਨੂੰ ਦਵਾਈਆਂ ਮੁੱਹਈਆ ਕਰਵਾਉਣ ਲਈ ਬੇਨਤੀ ਕੀਤੀ ਗਈ ਅਤੇ ਰਾਮਗੜ੍ਹੀਆ ਭਵਨ ਦੀ ਪ੍ਰਬੰਧਕ ਕਮੇਟੀ ਨੇ ਡਾ ਸਭਰਵਾਲ ਜੀ ਨੂੰ ਮਹੀਨੇ ਵਿੱਚ ਘੱਟ ਤੋਂ ਘੱਟ ਇੱਕ ਵਾਰ ਕੀਰਤਨ ਸੇਵਾ ਕਰਨ ਦੀ ਬੇਨਤੀ ਕੀਤੀ ਅਤੇ ਉਹਨਾਂ ਨੂੰ ਸਤਿਕਾਰ ਵਲੋ ਸ੍ਰੀ ਸਾਹਿਬ ਅਤੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ ਅਤੇ ਸ਼ਾਮ 5 ਵਜੇ ਤੋਂ 6.30 ਵਜੇ ਤੱਕ ਇਸਤਰੀ ਸਤਸੰਗ ਵਲੋ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ

# ਸ਼ੌਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਵੱਡੀ ਲੀਡ ਨਾਲ ਜਿੱਤੇਗਾ: ਲਖਜਿੰਦਰ ਭੁੱਲਰ, ਸੁੱਖ ਢਿੱਲੋ , ਭੁਪਿੰਦਰ ਸਿੰਘ

ਚੌਕ ਮਹਿਤਾ, 6 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਪੰਜਾਬ ਵਿੱਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਅੰਮ੍ਰਿਤਸਰ ਤੋ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਹਾਸਲ ਕਰਕੇ ਲੋਕ ਸਭਾ ਮੈਂਬਰ ਬਣਨਗੇ ਇਹਨਾ ਸ਼ਬਦਾ ਦਾ ਪ੍ਰਗਟਾਵਾ ਯੂਥ ਅਕਾਲੀ ਦਲ ਬਾਦਲ ਦੇ ਕੌਮੀ ਜਨਰਲ ਸਕੱਤਰ ਲਖਜਿੰਦਰ ਸਿੰਘ ਭੁੱਲਰ ਮਹਿਮਾ,ਕੌਮੀ ਜਨਰਲ ਸਕੱਤਰ ਸੁੱਖ ਢਿੱਲੋਂ, ਤੇ ਪੰਜਾਬ ਦੇ ਸਕੱਤਰ ਭੁਪਿੰਦਰ ਸਿੰਘ ਸਾਂਘਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਹਨਾਂ ਕਿਹਾ ਕਿ ਆਉਣ ਵਾਲੀਆ ਲੋਕ ਸਭਾ ਦੀ ਇਲੈਕਸ਼ਨ ਵਿੱਚ ਅਟਾਰੀ ਹਲਕੇ ਤੋਂ ਸ੍ਰ ਗੁਲਜ਼ਾਰ ਸਿੰਘ ਰਣੀਕੇ ਤੇ ਉਹਨਾ ਦੇ ਫਰਜੰਦ ਸ੍ਰ ਗੁਰਿੰਦਰਪਾਲ ਸਿੰਘ ਲਾਲੀ ਰਣੀਕੇ ਦੀ ਅਗਵਾਈ ਹੇਠ ਅਕਾਲੀ ਦਲ ਦੇ ਉਮੀਦਵਾਰ ਭਾਰੀ ਬਹੁਮਤ ਨਾਲ ਅਟਾਰੀ ਹਲਕੇ ਤੋਂ ਜਿੱਤ ਪ੍ਰਾਪਤ ਕਰਨਗੇ ਉਹਨਾਂ ਕਿਹਾ ਕਿ ਇਸ ਸਮੇਂ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਵਲੋ ਦਿੱਤੀਆ ਗਈਆ ਨੌਕਰੀਆਂ, ਪਿੰਡਾ ਸ਼ਹਿਰਾਂ ਦੇ ਵਿਕਾਸ ,ਸਿਹਤ, ਵਿੱਦਿਆ ਦੇ ਪੱਖੋਂ ਤੇ ਹੋਰ ਸਾਰੇ ਕੰਮਾਂ ਦੀ ਕਾਰਜਗਾਰੀ ਤੋ ਪੂਰੀ ਤਰਾਂ ਨਾਲ ਸੰਤੁਸ਼ਟ ਹਨ ਇਸ ਲਈ ਉਹ ਪੰਜਾਬ ਅਤੇ ਪੰਜਾਬੀਆਂ ਦੇ ਹਿਤਾਂ ਲਈ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਉਮੀਦਵਾਰਾਂ ਲਈ ਹਰ ਸੰਭਵ ਯਤਨ ਕਰਕੇ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਭੇਜਣਗੇ।



## ਭਾਜਪਾ ਉਮੀਦਵਾਰ ਸੰਧੂ ਸਮੁੰਦਰੀ ਨੇ 830 ਕਰੋੜ ਰੁਪਏ ਵਾਲੀ

# 'ਵਿਕਸਿਤ ਅੰਮ੍ਰਿਤਸਰ ਇਨੀਸ਼ੀਏਟਿਵ' ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਕਿਹਾ

- ਐੱਮ ਪੀ ਬਣ ਕੇ ਗੁਰੂ ਨਗਰੀ ਦਾ ਨੁਹਾਰ ਬਦਲਣ ਦੀ ਸਮਰੱਥਾ ਕੇਵਲ ਸੰਧੂ ਸਮੁੰਦਰੀ ਕੋਲ : ਗੁਰਸ਼ਰਨ ਸਿੰਘ ਹੋਲੀ ਸਿਟੀ
- ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਜਿਤਾਓ ਅਤੇ ਕਮਲ ਦੇ ਫੁੱਲ ਨੂੰ ਕਰਨ ਦੀ ਅਪੀਲ ਕੀਤੀ ਹੈ



ਅੰਮ੍ਰਿਤਸਰ, 6 ਮਈ (ਆਵਾਜ਼ਿ ਕੌਮ ਬਿਊਰੋ)- ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਸਵੈ ਰੁਜ਼ਗਾਰ ਲਈ 830 ਕਰੋੜ ਰੁਪਏ ਵਾਲੀ 'ਵਿਕਸਿਤ ਅੰਮ੍ਰਿਤਸਰ ਇਨੀਸ਼ੀਏਟਿਵ' ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਕਿਹਾ ਹੈ। ਸੰਧੂ ਸਮੁੰਦਰੀ ਅੱਜ ਗੁਰਸ਼ਰਨ ਸਿੰਘ ਹੋਲੀ ਸਿਟੀ ਦੀ ਅਗਵਾਈ 'ਚ ਉਨ੍ਹਾਂ ਨੂੰ ਸਮਰਥਨ ਦੇਣ ਆਏ ਨੌਜਵਾਨਾਂ ਦੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਮਰੀਕਨ ਭਾਰਤੀ ਪ੍ਰਵਾਸੀ ਭਾਈਚਾਰੇ ਵੱਲੋਂ ਅੰਮ੍ਰਿਤਸਰ ਵਿਚ ਨੌਜਵਾਨ ਅਤੇ ਇਸਤਰੀਆਂ ਨੂੰ ਸਵੈ ਰੁਜ਼ਗਾਰ ਲਈ ਸਟਾਰਟਅੱਪ ਸ਼ੁਰੂ ਕਰਨ 'ਚ ਮਦਦ ਦੇਣ ਲਈ 100 ਮਿਲੀਅਨ ਅਮਰੀਕੀ ਡਾਲਰ, ਜੋ ਕਿ ਲਗਭਗ 830 ਕਰੋੜ ਰੁਪਏ ਹਨ, ਇਕੱਠੇ ਕੀਤੇ ਹਨ। ਉਹਨਾਂ ਕਿਹਾ ਕਿ ਇਸ ਸਕੀਮ ਤਹਿਤ ਅੰਮ੍ਰਿਤਸਰ ਵਿੱਚ ਸਟਾਰਟਅੱਪ ਅਤੇ ਵਿਕਾਸ-ਮੁਖੀ ਉੱਦਮੀਆਂ ਲਈ ਸੈਰ ਸਪਾਟਾ,ਸਿਹਤ, ਖੇਤੀਬਾੜੀ, ਉਦਯੋਗ, ਵਣਜ, ਹੁਨਰ ਵਿਕਾਸ, ਸਿੱਖਿਆ, ਸੂਚਨਾ ਤਕਨਾਲੋਜੀ ਅਤੇ ਰਿਹਾਇਸ਼ ਲਈ ਫ਼ੰਡ ਮੁਹੱਈਆ ਕਰਾਇਆ ਜਾਵੇਗਾ । ਉਨ੍ਹਾਂ ਕਿਹਾ ਕਿ ਔਰਤਾਂ ਅਤੇ ਨੌਜਵਾਨ ਉੱਦਮੀ ਸੁਸਾਇਟੀ ਬਣਾ ਕੇ ਆਮਦਨ. ਵਧਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਵਿੱਚ ਅਮਰੀਕਨ ਕੌਂਸਲੇਟ ਲਿਆਂਦਾ ਜਾਵੇਗਾ ਅਤੇ ਵੀਐਫਐਸ ਸੈਂਟਰ ਖੋਲ੍ਹਣ ਤੋਂ ਇਲਾਵਾ ਨੌਜਵਾਨਾਂ ਨੂੰ ਬਹੁਰਾਸ਼ਟਰੀ ਕੰਪਨੀਆਂ ਵਿੱਚ ਨੌਕਰੀਆਂ ਦੇ ਯੋਗ ਬਣਾਉਣ ਲਈ ਸਿਖਲਾਈ ਦੇਣ ਵਰਗੇ ਕਈ ਕੰਮ ਪ੍ਰਗਤੀ 'ਚ ਹਨ। ਸੰਧੂ ਸਮੁੰਦਰੀ ਨੇ ਕਿਹਾ ਕਿ ਅੰਮ੍ਰਿਤਸਰ ਲਈ ਕਈ ਵਿਕਾਸ ਯੋਜਨਾਵਾਂ ਦਾ ਖ਼ਾਕਾ ਤਿਆਰ ਕਰ ਲਿਆ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਤੋਂ ਵਿਸ਼ੇਸ਼ ਪੈਕੇਜ ਲਿਆ ਕੇ ਗੁਰੂ ਦੀ ਨਗਰੀ ਨੂੰ ਮੁੜ ਉਸੇ ਥਾਂ 'ਤੇ ਲਿਆਂਦਾ ਜਾਵੇਗਾ ਜਿੱਥੇ ਪਹਿਲਾਂ ਹੁੰਦਾ ਸੀ। ਉਨ੍ਹਾਂ ਕਿਹਾ ਕਿ ਇਸ ਸ਼ਹਿਰ ਵਿੱਚ ਹਰ ਰੋਜ਼ ਦੋ ਤੋਂ ਢਾਈ ਲੱਖ ਤੋਂ ਵੱਧ ਸੈਲਾਨੀ ਆ ਰਹੇ ਹਨ, ਜਿਸ ਦੇ ਮੱਦੇਨਜ਼ਰ ਵਿਕਾਸ ਯੋਜਨਾਵਾਂ ਨੂੰ ਤੇਜ਼ੀ ਨਾਲ ਲਾਗੂ ਕਰਕੇ ਉਨ੍ਹਾਂ 'ਤੇ ਕੰਮ ਕਰਨ ਦੀ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਮੁੜ ਮੋਦੀ ਸਰਕਾਰ ਆ ਰਹੀ ਹੈ, ਤੁਸੀਂ ਮੈਨੂੰ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਬਣਾਉਂਦੇ ਹੋ ਤਾਂ ਮੇਰੇ ਲਈ ਸ਼ਹਿਰ ਦੇ ਵਿਕਾਸ ਲਈ ਵਿਸ਼ੇਸ਼ ਪੈਕੇਜ ਅਤੇ ਵਧੇਰੇ ਫ਼ੰਡ ਪ੍ਰਾਪਤ ਕਰਨਾ ਆਸਾਨ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਅਪਰਾਧ ਮੁਕਤ, ਨਸ਼ਾ ਮੁਕਤ ਅਤੇ ਸੈਰ ਸਪਾਟੇ ਨੂੰ ਪ੍ਰਫੁੱਲਿਤ ਕੀਤਾ ਜਾਵੇਗਾ ਅਤੇ ਵਿਕਾਸ ਦੀ ਰਫ਼ਤਾਰ ਬਹੁਤ ਤੇਜ਼ ਹੋਵੇਗੀ। ਗੁਰਸ਼ਰਨ ਸਿੰਘ ਹੋਲੀ ਸਿਟੀ ਨੇ ਕਿਹਾ ਕਿ ਐੱਮ ਪੀ ਬਣ ਕੇ ਗੁਰੂ ਨਗਰੀ ਦਾ ਨੁਹਾਰ ਬਦਲਣ ਦੀ ਸਮਰੱਥਾ ਕੇਵਲ ਸੰਧੂ ਸਮੁੰਦਰੀ ਕੋਲ ਹੈ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਂਸਦ ਬਣਨ ਤੋਂ ਪਹਿਲਾਂ ਅੰਮ੍ਰਿਤਸਰ ਲਈ ਅਨੇਕਾਂ ਯੋਗਦਾਨ ਪਾਉਣ ਵਾਲਾ ਵਿਅਕਤੀ ਸੰਧੂ ਸਮੁੰਦਰੀ ਸਾਂਸਦ ਬਣਨ ਤੋਂ ਬਾਅਦ ਹੋਰ ਵੀ ਵੱਧ ਯੋਗਦਾਨ ਪਾ ਸਕਣਗੇ। ਤੁਸੀਂ ਵੋਟ ਪਾ ਕੇ ਜਿਤਾਉਗੇ, ਉਹ ਮੋਦੀ ਸਾਹਿਬ ਦੀ ਬਾਂਹ ਬਣੇਗਾ ਅਤੇ ਸ਼ਹਿਰ ਲਈ ਵਿਸ਼ੇਸ਼ ਪੈਕੇਜ ਲੈ ਕੇ ਆਉਣਗੇ। ਉਨਾਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਜਿਤਾਓ ਅਤੇ ਕਮਲ ਦੇ ਫੁੱਲ ਨੂੰ ਕਰਨ ਦੀ ਅਪੀਲ ਕੀਤੀ ਹੈ।

## ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤਮਹਿੰਦਰ ਸਿੱਧੂ ਦੇ ਹੱਕ ਵਿੱਚ ਖੁਸ਼ਬਾਜ ਜਟਾਣਾ ਦੀ ਅਗਵਾਈ ਹੇਠ

# ਕਾਂਗਰਸ ਪਾਰਟੀ ਦੀ ਵਿਸ਼ਾਲ ਵਰਕਰ ਮਿਲਣੀ ਹੋਈ





ਤਲਵੰਡੀ ਸਾਬੋ, 6 ਮਈ (ਗੁਰਜੰਟ ਸਿੰਘ ਨਥੇਹਾ)- ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਹਲਕਾ ਤਲਵੰਡੀ ਸਾਬੋ ਤੋਂ ਚਾਰ ਵਾਰ ਵਿਧਾਇਕ ਰਹੇ ਜੀਤਮਹਿੰਦਰ ਸਿੰਘ ਸਿੱਧੂ ਦੇ ਹੱਕ ਵਿੱਚ ਅੱਜ ਇਲਾਕੇ ਦੇ ਕਾਂਗਰਸੀ ਵਰਕਰਾਂ 'ਚ ਉਦੋਂ ਵਿਸ਼ੇਸ ਉਤਸ਼ਾਹ ਦੇਖਣ ਨੂੰ ਮਿਲਿਆ ਜਦੋਂ ਹਲਕਾ ਇੰਚਾਰਜ ਅਤੇ ਕਾਂਗਰਸ ਦੇ ਜਿਲ੍ਹਾ ਬਠਿੰਡਾ (ਦਿਹਾਤੀ) ਪ੍ਰਧਾਨ ਖੁਸ਼ਬਾਜ ਸਿੰਘ ਜਟਾਣਾ ਦੀ ਅਗਵਾਈ ਹੇਠ ਸੀਂਗੋ ਦੇ ਸੂਰਿਆ ਪੈਲੇਸ ਵਿੱਚ ਰੱਖੀ ਇੱਕ ਵਰਕਰ ਮਿਲਣੀ ਨੇ ਰੈਲੀ ਦਾ ਰੂਪ ਧਾਰ ਲਿਆ। ਵਰਕਰਾਂ ਨੂੰ ਸੰਬੋਧਨ ਦੌਰਾਨ ਕਾਂਗਰਸ ਜਿਲ੍ਹਾ ਪ੍ਰਧਾਨ ਖੁਸ਼ਬਾਜ ਸਿੰਘ ਜਟਾਣਾ ਨੇ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਨੇ 15 ਵਰ੍ਹੇ ਸੰਸਦ ਮੈਂਬਰ ਅਤੇ ਕੇਂਦਰ ਵਿੱਚ ਵਜ਼ੀਰ ਰਹਿਣ ਦੌਰਾਨ ਹਲਕਾ ਤਲਵੰਡੀ ਸਾਬੋ ਦਾ ਕੱਖ ਵੀ ਵਿਕਾਸ ਨਹੀ ਕੀਤਾ। ਉਨਾਂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਹੁਣ ਜੰਗ ਦੇਸ਼ ਨੂੰ ਇੱਕ ਵਧੀਆ ਸਰਕਾਰ ਦੇਣ ਲਈ ਹੈ ਇਸਲਈ ਜੇਕਰ ਕਿਸੇ ਨੂੰ ਕੋਈ ਗਿਲਾ ਸ਼ਿਕਵਾ ਵੀ ਹੈ ਤਾਂ 25 ਦਿਨ ਭੁੱਲ ਜਾਵੋ ਅਤੇ ਜੀਤਮਹਿੰਦਰ ਸਿੰਘ ਸਿੱਧੂ ਦੀ ਜਿੱਤ ਲਈ ਦਿਨ ਰਾਤ ਇੱਕ ਕਰ ਦੇਵੋ। ਉੱਧਰ ਵੱਡੀ ਇਕੱਤਰਤਾ ਨੂੰ ਸੰਬੋਧਨ ਦੌਰਾਨ ਜੀਤਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸਮੁੱਚੇ ਲੋਕ ਸਭਾ ਹਲਕੇ ਚ ਜਿੱਥੇ ਕਾਂਗਰਸੀ ਵਰਕਰਾਂ ਚ ਵਿਸ਼ੇਸ ਉਤਸ਼ਾਹ ਹੈ ਉੱਥੇ ਆਮ ਲੋਕ ਵੀ ਬਾਦਲ ਪਰਿਵਾਰ ਨੂੰ ਪਿਛਲੇ ਸਮੇਂ ਚ ਪੰਥ ਅਤੇ ਪੰਜਾਬ ਨੂੰ ਪਹੁੰਚਾਏ ਨੁਕਸਾਨ ਦਾ ਜ਼ਿੰਮੇਵਾਰ ਮੰਨਦਿਆਂ ਇਸ ਵਾਰ ਉਨਾਂ ਦਾ ਬਿਸਤਰਾ ਗੋਲ ਕਰਨ ਦੀ ਤਿਆਰੀ ਕਰੀ ਬੈਠੇ ਹਨ ਉਨਾਂ ਕਿਹਾ ਕਿ ਇਸ ਵਾਰ ਇਤਿਹਾਸ ਸਿਰਜਿਆ ਜਾਵੇਗਾ ਅਤੇ ਜਿਹੜਾ ਬਾਦਲ ਪਰਿਵਾਰ ਇਹ ਸਮਝੀ ਬੈਠਾ ਹੈ ਕਿ ਉਹ ਕੇਵਲ ਆਰਥਿਕ ਸਾਧਨਾਂ ਦੇ ਉਪਯੋਗ ਦੇ ਨਾਲ ਹੀ ਸੀਟ ਜਿੱਤ ਜਾਣਗੇ ਲੋਕ ਉਨਾਂ ਦੇ ਭੁਲੇਖੇ ਦੂਰ ਕਰਨਗੇ। ਇਸ ਮੌਕੇ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਅਤੇ ਨੌਜਵਾਨ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਲਕੇ ਦੇ ਪਿਛਲੇ ਸਮਿਆਂ 'ਚ ਕੀਤੇ ਵਿਕਾਸ ਨੂੰ ਦੇਖਕੇ ਜੀਤਮਹਿੰਦਰ ਸਿੰਘ ਸਿੱਧੂ ਦੇ ਹੱਕ ਵਿੱਚ ਫਤਵਾ ਦੇਣ ।ਇਸ ਮੌਕੇ ਡਾ. ਮਲਕੀਤ ਸਿੰਘ ਮਿਰਜ਼ੇਆਣਾ ਅਤੇ ਜਗਤਾਰ ਸਿੰਘ ਮੈਨੂੰਆਣਾ ਨੇ ਸਿੱਧੂ ਅਤੇ ਜਟਾਣਾ ਦਾ ਸਨਮਾਨ ਕੀਤਾ। ਇਕੱਤਰਤਾ 'ਚ ਯੂਥ ਕਾਂਗਰਸ ਸੂਬਾ ਜਨਰਲ ਸਕੱਤਰ ਰਣਜੀਤ ਸੰਧੂ, ਜਿਲ੍ਹਾ ਯੂਥ ਕਾਂਗਰਸ ਪ੍ਰਧਾਨ ਲਖਵਿੰਦਰ ਲੱਕੀ, ਬਲਾਕ ਕਾਂਗਰਸ ਪ੍ਰਧਾਨ ਕ੍ਰਿਸ਼ਨ ਸਿੰਘ ਭਾਗੀਵਾਂਦਰ, ਸੀ. ਕਾਂਗਰਸੀ ਆਗੂ ਅਵਤਾਰ ਮੈਨੂੰਆਣਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਅੰਮ੍ਰਿਤਪਾਲ ਗਹਿਲੇਵਾਲਾ, ਸੁਰਜੀਤ ਸ਼ਿੰਦੀ ਜਗਾ, ਹਰਪ੍ਰੀਤ ਸੀਂਗੋ, ਡੂੰਗਰ ਸੀਂਗੋ, ਮੰਦਿਰ ਲਹਿਰੀ, ਬਾਬੂ ਗੋਲੇਵਾਲਾ, ਬਲਜਿੰਦਰ ਬਹਿਮਣ ਆਦਿ ਕਾਂਗਰਸੀ ਆਗੂ ਮੌਜੂਦ ਰਹੇ।

# ਰਿਸ਼ੀ ਵਿਹਾਰ ਰੈਜੀਡੈਂਸੀਅਲ ਸੋਸਾਇਟੀ ਨੇ ਭਾਜਪਾ ਨੂੰ ਦਿੱਤਾ ਸਮਰਥਨ





ਅੰਮ੍ਰਿਤਸਰ, 6 ਮਈ (ਆਵਾਜ਼ਿ ਕੌਮ ਬਿਊਰੋ)- ਰਿਸ਼ੀ ਵਿਹਾਰ ਰੈਜੀਡੈਂਸ਼ੀਅਲ ਸੋਸਾਇਟੀ ਦੇ ਪ੍ਰਧਾਨ ਵਿਜੇ ਵਰਮਾ ਦੀ ਪ੍ਰਧਾਨਗੀ ਵਿੱਚ ਹੋਈ ਭਰਵੀਂ ਮੀਟਿੰਗ ਦੇ ਦੌਰਾਨ ਸੁਸਾਇਟੀ ਦੇ ਸਾਰਿਆਂ ਮੈਂਬਰਾਂ ਨੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਹੱਕ ਵਿੱਚ ਸਮਰਥਨ ਕਰਨ ਦਾ ਫੈਸਲਾ ਲਿਆ। ਮੀਟਿੰਗ ਵਿੱਚ ਹਲਕਾ ਉਤਰੀ ਦੇ ਇੰਚਾਰਜ ਸੁਖਮਿੰਦਰ ਸਿੰਘ ਪਿੰਟੂ ਭਾਜਪਾ ਮਹਿਲਾ ਮੋਰਚਾ ਪ੍ਰਧਾਨ ਸ਼ਰੂਤੀ ਵਿਜ, ਮੰਡਲ ਪ੍ਰਧਾਨ ਕਿਸ਼ੋਰ ਰੈਣਾ, ਸ਼ਕਤੀ ਕੇਂਦਰ ਪ੍ਰਮੁੱਖ ਪ੍ਰਮੋਦ ਮਹਾਜਨ, ਆਈ.ਟੀ ਸੈਲ ਕਨਵੀਨਰ ਪ੍ਰੋਫੈਸਰ ਭਨੋਟ, ਵਿਸਤਾਰ ਪਾਰਸ ਮਹਾਜਨ ਸਹਿਤ ਹੋਰ ਲੋਕ ਉਪਸਥਿਤ ਸਨ। ਮੀਟਿੰਗ ਨੂੰ ਸੰਬੋਧਿਤ ਕਰਦਿਆਂ ਸੁਖਮਿੰਦਰ ਸਿੰਘ ਪਿੰਟੂ ਨੇ ਕਿਹਾ ਕਿ ਤਰਨਜੀਤ ਸਿੰਘ ਸੰਧੂ ਸਮੁੰਦਰੀ ਦਾ ਕੇਵਲ ਇੱਕ ਮਾਤਰ ਉਦੇਸ਼ ਹੈ ਵਿਕਸਿਤ ਅੰਮ੍ਰਿਤਸਰ। ਅੰਮ੍ਰਿਤਸਰ ਦੇ ਲਈ ਉਨਾਂ ਦਾ ਵਿਜਨ ਸਪਸ਼ਟ ਹੈ। ਉਹ ਅੰਮ੍ਰਿਤਸਰ ਨੂੰ ਹਰ ਪੱਖੋਂ ਵਿਕਸਿਤ ਕਰਨਾ ਚਾਹੁੰਦੇ ਹਨ। ਅੰਮ੍ਰਿਤਸਰਵਾਸੀ ਸ਼ਹਿਰ ਦੇ ਭਵਿੱਖ ਨੂੰ ਦੇਖਦੇ ਹੋਏ ਇੱਕ ਵਾਰ ਮੌਕਾ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਜਰੂਰ ਦੇਣ ਤਾਂ ਜੋ ਅੰਮ੍ਰਿਤਸਰ ਦੀ ਨੁਹਾਰ ਬਦਲਣ ਵਿੱਚ ਕਮੀ ਨਾ ਰਹਿ ਜਾਵੇ ਸ਼ਰੂਤੀ ਵਿਜ ਨੇ ਕਿਹਾ ਕਿ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਕੋਸ਼ਿਸ਼ਾਂ ਸਦਕਾ ਅਮਰੀਕਾ ਚ ਬੈਠੇ ਅਮਰੀਕਨ ਭਾਰਤੀ ਅੰਮ੍ਰਿਤਸਰ ਵਿੱਚ 800 ਕਰੋੜ ਰੁਪਏ ਦੇ ਸਟਾਰਟਅਪ ਦੇ ਨਾਲ ਯੁਵਾਵਾਂ ਨੂੰ ਰੁਜ਼ਗਾਰ ਦੇਣਗੇ। ਇਹ ਇੱਕ ਬਹੁਤ ਹੀ ਸੁਨੇਹਾ ਮੌਕਾ ਹੈ ਇਸ ਮੌਕੇ ਤੇ ਦੀਪਕ ਜੋਸ਼ੀ, ਗੌਰਵ ਅਰੋੜਾ, ਅਰਜੁਨ ਮਹਾਜਨ, ਪ੍ਰਣਵ, ਜਗਦੀਪ ਬੇਦੀ, ਰਜੇਸ਼ ਕੁਮਾਰ, ਸ਼ਿਵ ਮਹਾਜਨ, ਗੌਰਵ, ਅੰਮ੍ਰਿਤਪਾਲ ਸਿੰਘ, ਬ੍ਰਿਜ ਮੋਹਨ, ਪੰਕਜ ਦੇਵਰਾਜ, ਹਰਸ਼, ਵਿਸ਼ਾਲ ਅਗਰਵਾਲ, ਨਿਤਿਨ, ਬਲਵਿੰਦਰ ਸਿੰਘ ਸੇਖੋਂ, ਊਸ਼ਾ, ਰਾਣੀ, ਅਨੁਪਮਾ, ਮੋਨਿਕਾ, ਮੀਨਾ ਧਵਨ ਆਦਿ ਹਾਜਰ ਸਨ।

# ਇੱਕ ਨਜ਼ਰ



## ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸਰੀ ਵਿਕਾਸ ਮੰਚ ਵੱਲੋਂ

## ਵਿਸਾਲ ਸਾਹਿਤਕ ਸਮਾਗਮ ਵਿੱਚ ਦੋ ਨਾਮਵਰ ਸ਼ਾਇਰਾਂ ਦੀਆਂ ਦੋ ਪੁਸਤਕਾਂ ਦੀ ਘੁੰਡ ਚੁਕਾਈ

ਤਲਵੰਡੀ ਸਾਬੋ, 4 ਮਈ (ਗੁਰਜੰਟ ਸਿੰਘ ਨਥੇਹਾ)- ਇਤਿਹਾਸਕ ਸ਼ਹਿਰ ਤਲਵੰਡੀ ਸਾਬੋ ਅਤੇ ਇਸ ਦੇ ਆਸ ਪਾਸ ਦੇ ਨੌਜਵਾਨਾਂ ਵਿੱਚ ਸਾਹਿਤਕ ਜਾਗ ਲਾਉਣ ਦੇ ਮਕਸਦ ਨਾਲ ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸਰੀ ਵਿਕਾਸ ਮੰਚ ਵੱਲੋਂ ਵਿਸਾਲ ਸਾਹਿਤਕ ਸਮਾਗਮ ਖਾਲਸਾ ਸਕੂਲ ਦੀ ਵਿਹੜੇ ਵਿੱਚ ਕੀਤਾ ਗਿਆ ਜਿਸ ਵਿੱਚ ਨਾਮਵਰ ਸ਼ਾਇਰ ਡਾ. ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਦੀ ਪੁਸਤਕ 'ਸਾਇਰ ਦਾ ਦਿਲ' ਅਤੇ ਦਰਸ਼ਨ ਸਿੰਘ ਭੰਮੇ ਦੀ ਪੁਸਤਕ 'ਜੁਗਨੀ ਜੜੇ ਨਗੀਨੇ' ਪੁਸਤਕਾਂ ਦੀ ਘੁੰਡ ਚੁਕਾਈ ਡਾ. ਹਰੀ ਸਿੰਘ ਜਾਚਕ ਡਾ. ਗੁਰਦੇਵ ਸਿੰਘ ਖੋਖਰ, ਪ੍ਰੋ. ਨਵ ਸੰਗੀਤ ਸਿੰਘ,ਪ੍ਰੋ. ਡਾ. ਸੰਦੀਪ ਰਾਣਾ, ਰੇਵਤੀ ਪ੍ਰਸਾਦ ਰਾਸ਼ਟਰਪਤੀ ਅਵਾਰਡੀ ਤੇ ਸੁਖਚਰਨ ਸੱਦੇਵਾਲੀਆਂ ਨੇ ਬਹੁਤ ਸਾਰੇ ਸਾਹਿਤਕਾਰਾਂ ਦੀ ਹਾਜ਼ਰੀ ਵਿੱਚ ਕੀਤੀ। ਇਸ ਮੌਕੇ ਕਿਤਾਬਾਂ ਤੇ ਪਰਚੇ ਪ੍ਰੋ. ਨਵਸੰਗੀਤ ਸਿੰਘ ਤੇ ਡਾ. ਸੰਦੀਪ ਰਾਣਾ ਨੇ ਪੜੇ ਅਤੇ ਸਾਇਰਾਂ ਦੁਆਰਾ ਲਿਖੀਆਂ ਕਿਤਾਬਾਂ ਦੀ ਸਲਾਘਾ ਕੀਤੀ ਉਪਰੰਤ ਲੇਖਕ ਖੁਸ਼ਨਸੀਬ ਗੁਰ ਬਖਸ਼ੀਸ਼ ਕੌਰ ਸੂਰੀਆ ਤੇ ਦਰਸ਼ਨ ਸਿੰਘ ਭੰਮੇ ਨੇ ਆਪਣੇ ਕਿਤਾਬਾਂ ਲਿਖਣ ਦੀ ਤਜਰਬੇ ਸਾਂਝੇ ਕੀਤੇ ਉਪਰੰਤ ਲੈਕ. ਵੀਰਪਾਲ ਕੌਰ ਮਾਨ ਗੁਰੂਸਰ, ਛੱਜੂ ਰਾਮ ਮੌੜ ਕਵੀਸ਼ਰ, ਜਗਦੀਪ ਗਿੱਲ, ਨਿਰਮਲ ਸਿੰਘ ਵਿਗਿਆਨੀ, ਮੈਡਮ ਸ਼ਿੰਦਰ ਕੌਰ ਰੇਡੀਓ ਅਨਾਉਂਸਰ ਲੇਖਕਾ, ਗੀਤੂ ਦਮਨ ਸ਼ਰਮਾ, ਜਸਬੀਰ ਢਿੱਲੋ ਸੁਖਮੰਦਰ ਭਾਗੀਵਾਂਦਰ,ਭੋਲਾ ਸਿੰਘ ਸਮੀਰੀਆ, ਰਿਟਾ. ਪ੍ਰੋ. ਜਸਵੀਰ ਤਲਵੰਡੀ, ਸ਼ਮਸ਼ੇਰ ਮੱਲੀ, ਗਗਨ ਫੂਲ, ਐਡਵੋਕੇਟ ਭੁਪਿੰਦਰ ਸੂਰੀਆ, ਜਨਕ ਸੰਗਤ, ਸੁਖਦਰਸ਼ਨ ਸਿੰਘ ਬਾਲਿਆਂਵਾਲੀ, ਡਾਕਟਰ ਗੁਰਮੇਲ ਕੌਰ ਜੋਸ਼ੀ, ਸੀਮਾ ਰਾਣੀ, ਬਾਬਾ ਲਾਲ ਚੰਦ, ਮਾਸਟਰ ਸੁਖਰਾਜ ਸੰਦੋਹਾ, ਲੈਕਚਰਾਰ ਰਵਿੰਦਰ ਚਾਉਕੇ, ਰਿਪੂਦਮਨ ਸ਼ਰਮਾ ਨੇ ਆਪਣੀਆਂ ਰਚਨਾਵਾਂ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਕੇ ਕਾਫੀ ਵਾਹ ਵਾਹ ਖੱਟੀ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਮਾ. ਸੁਖਰਾਜ ਸੰਦੋਹਾ ਤੇ ਲਕਵਿੰਦਰ ਨਥੇਹਾ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਹੀ ਮੁੱਖ ਮਹਿਮਾਨਾਂ ਤੇ ਸਹਿਤਕਾਰਾਂ ਨੂੰ ਗੁਰੂ ਕਾਸ਼ੀ ਸਾਹਿਤ ਸਭਾ ਅਤੇ ਕਵੀਸ਼ਰੀ ਵਿਕਾਸ ਦੇ ਪ੍ਰਬੰਧਕਾ ਵੱਲੋਂ ਮੁੱਖ ਮਹਿਮਾਨਾਂ ਨੇ ਸਨਮਾਨ ਚਿੰਨ ਭੇਟ ਕੀਤੇ ਗਏ। ਇਸ ਮੌਕੇ ਰਿਟਾਇਰਡ ਪ੍ਰਿੰਸੀਪਲ ਚਾਨਣ ਸਿੰਘ, ਮਾਸਟਰ ਸੁਖਦੇਵ ਸਿੰਘ ਚੱਠਾ, ਬੀਹਲਾ ਗਦਾਰਾ, ਮਾਸਟਰ ਸ਼ੇਖਰ ਤਲਵੰਡੀ, ਜਸਵੀਰ ਸਿੰਘ, ਪਰਮਿੰਦਰ ਸਿੰਘ ਖਾਲਸਾ, ਸ਼ਮਸ਼ੇਰ ਸਿੰਘ ਖਾਲਸਾ, ਡਾ. ਗੁਰਜੀਤ ਸਿੰਘ, ਜਗਤਾਰ ਸਿੰਘ ਰਤਨ, ਗੁਰਕੀਰਤ ਸਿੰਘ, ਤੇਜ ਸਿੰਘ, ਮਾਸਟਰ ਬਲਰਾਜ ਸ਼ਰਮਾ, ਕਵੀਸਰ ਹੁਸ਼ਨਦੀਪ ਲਾਡੀ ਸਮੇਤ ਵੱਡੀ ਤਾਦਾਦ ਵਿੱਚ ਸਾਇਰਾਂ ਤੇ ਬੁੱਧੀਜੀਵੀਆਂ ਨੇ ਹਾਜ਼ਰੀ ਭਰੀ।

## ਪਹਿਲਵਾਨ ਦਾਰਾ ਸਿੰਘ ਦਾ ਬੁੱਤ ਕੀਤਾ ਸਥਾਪਿਤ



ਚੌਂਕ ਮਹਿਤਾ, 6 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਵਿਸ਼ਵ ਜੇਤੂ ਪਹਿਲਵਾਨ, ਐਕਟਰ ਡਾਇਰੈਕਟਰ ਅਤੇ ਰਾਜ ਸਭਾ ਦੇ ਮੈਂਬਰ ਸ੍ਰ ਦਾਰਾ ਸਿੰਘ ਰੰਧਾਵਾ ਦਾ ਆਦਮ ਕੱਦ ਬੁੱਤ ਉਹਨਾਂ ਦੇ ਜੱਦੀ ਪਿੰਡ ਧਰਮੂਚੱਕ ਵਿਖੇ, ਦਾਰਾ ਸਿੰਘ ਯਾਦਗਾਰੀ ਕਮੇਟੀ ਵਲੋਂ ਸਥਾਪਿਤ ਕੀਤਾ ਗਿਆ। ਛੋਟੀਆਂ ਛੋਟੀਆਂ ਬੱਚੀਆਂ ਵੱਲੋਂ ਮੂਲ ਮੰਤਰ ਦਾ ਪਾਠ ਕਰਨ ਉਪਰੰਤ ਅਰਦਾਸ ਬੇਨਤੀ ਕਰਕੇ ਬੁੱਤ ਉੱਤੋਂ ਪਰਦਾ ਉਠਾਇਆ ਗਿਆ ।ਪਰਦਾ ਉਠਾਉਣ ਦੀ ਰਸਮ ਸਮਾਗਮ ਦੇ ਮੁੱਖ ਮਹਿਮਾਨ,ਖਾਲਸਾ ਕਾਲਜ ਦੇ ਪ੍ਰਿੰਸੀਪਲ ਸ੍ਰ:ਮਹਿਲ ਸਿੰਘ, ਮੈਡਮ ਸੋਨੀਆ ਮਾਨ, ਸ੍ਰ ਅਮਰਜੀਤ ਸਿੰਘ ਮੁੱਖ ਸੰਚਾਲਕ, ਕਮਾਂਡੈਂਟ ਸ੍ਰ ਲੱਖਬੀਰ ਸਿੰਘ ਰੰਧਾਵਾ, ਪ੍ਰਿੰਸੀਪਲ ਗੁਰਦੇਵ ਸਿੰਘ ਰੰਧਾਵਾ, ਅੰਤਰਰਾਸ਼ਟਰੀ ਖਿਡਾਰੀ ਸ੍ਰ ਨਰਿੰਦਰ ਸਿੰਘ ਰੰਧਾਵਾ "ਨਿੰਦੂ÷, ਏਸ਼ੀਆ ਚੈਂਪੀਅਨ ਸ੍ਰ ਰਘਬੀਰ ਸਿੰਘ ਬੱਲ, ਬੀਬੀ ਗੁਰਜੀਤ ਕੌਰ ਭਣੇਵੀਂ ਸ਼ਹੀਦ-ਏ-ਆਜਮ ਸ੍ਰ ਭਗਤ ਸਿੰਘ, ਬੀਬੀ ਕਮਲਜੀਤ ਕੌਰ ਰੰਧਾਵਾ, ਕੁਲਦੀਪ ਸਿੰਘ ਸੰਧੂ, ਪ੍ਰਿੰਸੀਪਲ ਸ਼ਿਵਚਰਨ ਸਿੰਘ ਰੰਧਾਵਾ, ਸਾਬਕਾ ਚੇਅਰਮੈਨ ਸ੍ਰ ਮੋਹਣ ਸਿੰਘ ਨਿੱਬਰਵਿੰਡ, ਏ ਪੀ ਸਿੰਘ ਮਾਨ, ਸ੍ਰ ਜੋਗਾ ਸਿੰਘ ਬੈਂਕ ਮੈਨੇਜਰ , ਅਵਤਾਰ ਸਿੰਘ, ਸੁਖਦੇਵ ਸਿੰਘ ਜਲਾਲ ਉਸਮਾ ਵਾਇਸ ਚੇਅਰਮੈਨ ਕੋ-ਆਪਰੇਟਿਵ ਬੈਂਕ, ਕੈਪਟਨ ਨਰਿੰਦਰ ਸਿੰਘ ਨਸੀਰਪੁਰ,ਦੀਦਾਰ ਸਿੰਘ ਸਾਬਕਾ ਸਰਪੰਚ, ਆਦਿ ਨੇ ਸਾਂਝੇ ਤੌਰ ਤੇ ਕੀਤਾ । ਪ੍ਰਿੰਸੀਪਲ ਸਰਦਾਰ ਮਹਿਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿਸੇ ਵੀ ਸਰਕਾਰ ਨੇ ਦਾਰਾ ਸਿੰਘ ਦੀ ਕੋਈ ਯਾਦਗਾਰ ਪਿੰਡ ਵਿੱਚ ਨਹੀਂ ਬਣਾਈ ਅੱਜ ਜੇ ਪਿੰਡ ਵਾਲਿਆਂ ਨੇ ਇਕੱਠੇ ਹੋ ਕੇ ਉਪਰਾਲਾ ਕੀਤਾ ਹੈ ਤਾਂ ਮੈਂ ਉਹਨਾਂ ਸਾਰਿਆਂ ਨੂੰ ਮੁਬਾਰਕਬਾਦ ਦਿੰਦਾ ਹਾਂ । ਇਸੇ ਹੀ ਪਿੰਡ ਦੇ ਜੰਮਪਲ ਸਰਦਾਰ ਨਰਿੰਦਰ ਸਿੰਘ ਰੰਧਾਵਾ ਨੇ ਖੇਡਾਂ ਨੂੰ ਉਤਸ਼ਹਿਤ ਕਰਨ ਵਾਸਤੇ ਆਪਣੇ ਪਰਿਵਾਰ ਵੱਲੋਂ ਉਭਰ ਦੇ ਖਿਡਾਰੀਆਂ ਨੂੰ ਖੇਡਾਂ ਦੇ ਸਮਾਨ ਵਾਸਤੇ 30 ਹਜਾਰ ਰੁਪਏ ਦੇਣ ਦਾ ਐਲਾਨ ਕੀਤਾ। ਦਾਰਾ ਸਿੰਘ ਯਾਦਗਾਰੀ ਕਮੇਟੀ ਦੇ ਸੰਚਾਲਕ ਅਮਰਜੀਤ ਸਿੰਘ ਰੰਧਾਵਾ ਨੇ ਸਾਰੇ ਦੂਰੋਂ ਨੇੜੋਂ ਆਏ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆ ਆਖਿਆ ਅਤੇ ਉਹਨਾਂ ਦੇ ਆਉਣ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਦਵਿੰਦਰ ਸਿੰਘ ਚੰਨਣ ਕੇ ਸੁਰਿੰਦਰ ਸਿੰਘ ਭੱਟੀ ਕੇ ਸਰਪੰਚ ਦਵਿੰਦਰ ਸਿੰਘ ਰੰਧਾਵਾ ਸਰਪੰਚ ਬਲਜੀਤ ਸਿੰਘ ਸਰਾਂ ਦਿਲਜੀਤ ਸਿੰਘ ਭੱਟੀ ਅਰਜਨ ਸਿੰਘ ਸਰਪੰਚ ਭਟੀਕੇ ਸ਼ਿਮੰਦਰ ਸਿੰਘ ਕੰਗ,ਸੈਕਟਰੀ ਹਰਪਾਲ ਸਿੰਘ ਆਦਿ ਹਾਜ਼ਰ ਸਨ।

## ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਪਹਿਲੀ ਬਰਸੀ ਮੌਕੇ

# ਉਨ੍ਹਾਂ ਦੀ ਵਿਚਾਰਧਾਰਾ ਖਾਲਸਾ ਰਾਜ ਦੀ ਪ੍ਰਾਪਤੀ ਤਕ ਸੰਘਰਸ਼ ਜਾਰੀ ਰੱਖਣ ਦੇ ਪ੍ਰਣ ਨੂੰ ਦੁਹਰਾਇਆ ਗਿਆ

**ਭਾਈ ਪੰਜਵੜ੍ਹ ਨੂੰ ਸਮਰਿਪਤ ਕਿਤਾਬ "ਕੌਰਨਾਮਾ" ਜਾਰੀ ਕਰਕੇ ਸ਼ਹੀਦ ਬੀਬੀਆਂ ਦੇ ਵਾਰਸਾਂ ਨੂੰ ਕੀਤੀ ਗਈ ਭੇਟ • ਕਿਹਾ ਅਜ ਵੀ ਜੋਰਾਵਰਾਂ ਅੱਗੇ ਲੜਾਈ ਨਿਮਾਣੇ ਬਣ ਕੇ ਨਹੀਂ ਕਿਰਦਾਰ ਵਾਲੇ ਬਣ ਕੇ ਲੜੀ ਜਾ ਸਕਦੀ ਹੈ। ਇਸ ਮੌਕੇ ਸਮੁੰਦਰੋਂ ਪਾਰ ਸਿੱਖ ਸੰਗਤਾਂ ਵੱਲੋਂ ਵੱਖ ਵੱਖ ਦੇਸ਼ਾਂ ਤੋਂ ਭੇਜੇ ਗਏ......**






ਨਵੀਂ ਦਿੱਲੀ, 6 ਮਈ (ਮਨਪ੍ਰੀਤ ਸਿੰਘ ਖਾਲਸਾ):- ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੇ ਪਹਿਲੇ ਸ਼ਹੀਦੀ ਸਮਾਗਮ 'ਤੇ ਪੰਥਕ ਆਗੂਆਂ ਨੇ ਉਹਨਾਂ ਦੀ ਵਿਚਾਰਧਾਰਾ ਵੱਖਰੇ ਖਾਲਸਾ ਰਾਜ ਦੀ ਹੋਂਦ ਤੱਕ ਸੰਘਰਸ਼ ਜਾਰੀ ਰੱਖਣ ਨੂੰ ਦੁਹਾਰਿਆ।ਇਸ ਮੌਕੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਪ੍ਰੇਰਣਾ ਸਦਕਾ ਤੇ ਭਾਈ ਦਲਜੀਤ ਸਿੰਘ ਤੇ ਭਾਈ ਗੁਰਮੀਤ ਸਿੰਘ ਖਨਿਆਣ ਜਰਮਨ ਦੀ ਅਗਵਾਈ 'ਚ ਲੇਖਕ ਬਲਜਿੰਦਰ ਸਿੰਘ ਕੋਟਭਾਰਾ ਵੱਲੋਂ ਲਿਖੀ ਗਈ ਪੁਸਤਕ "ਕੌਰਨਾਮਾ : ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ" ਵੀ ਜਾਰੀ ਕਰਕੇ ਸ਼ਹੀਦ ਬੀਬੀਆਂ ਦੇ ਵਾਰਸਾਂ ਨੂੰ ਭੇਟ ਕੀਤੀ। ਇਸ ਮੌਕੇ ਹਥਿਆਰਬੰਦ ਸੰਘਰਸ਼ ਦੌਰਾਨ ਭਾਈ ਪੰਜਵੜ੍ਹ ਦੇ ਨੇੜਲੇ ਸਾਥੀ ਭਾਈ ਦਲਜੀਤ ਸਿੰਘ ਨੇ ਕਿਤਾਬ "ਕੌਰਨਾਮਾ" ਦੇ ਸੰਦਰਭ ਵਿਚ ਗਲ ਕਰਦਿਆ ਕਿਹਾ ਕਿ ਮੇਰੀ ਅੱਜ ਦੀ ਬੇਨਤੀ ਦਾ ਕੇਂਦਰ ਬਿੰਦੂ ਇਹ ਕਿਤਾਬ "ਕੌਰਨਾਮਾ" ਹੈ, ਜਿਸ ਵਿਚ ਉਹਨਾਂ ਸ਼ਹੀਦ ਬੀਬੀਆਂ ਦੀ ਸਾਖੀ ਹੈ, ਜੋ ਖਾਲਸਾ ਰਾਜ ਦੀ ਹਥਿਆਰਬੰਦ ਲੜੀ ਗਈ ਲੜਾਈ ਦੀ ਬੁਨਿਆਦ ਸਨ, ਤੇ ਜਿੰਨਾਂ ਦੀ ਅਰਦਾਸ ਸਦਕਾ ਸਾਡੀ ਜੰਗ ਨੇ ਦਿੱਲੀ ਦੇ ਜਾਲਮ ਤਖ਼ਤ ਦੀਆਂ ਜੜ੍ਹਾ ਹਿਲਾਈਆਂ, ਅਤੇ ਇਸ ਇਤਿਹਾਸ ਨੂੰ ਅੱਜ ਵੀ ਸਾਂਭ ਕੇ ਇਸ ਤੋਂ ਸੇਧ ਲੈਣ ਦੀ ਜਰੂਰਤ ਹੈ। ਉਹਨਾਂ ਕਿਹਾ ਅਜ ਵੀ ਜੋਰਾਵਰਾਂ ਅੱਗੇ ਲੜਾਈ ਨਿਮਾਣੇ ਬਣ ਕੇ ਨਹੀਂ ਕਿਰਦਾਰ ਵਾਲੇ ਬਣ ਕੇ ਲੜੀ ਜਾ ਸਕਦੀ ਹੈ। ਇਸ ਮੌਕੇ ਸਮੁੰਦਰੋਂ ਪਾਰ ਸਿੱਖ ਸੰਗਤਾਂ ਵੱਲੋਂ ਵੱਖ ਵੱਖ ਦੇਸ਼ਾਂ ਤੋਂ ਭੇਜੇ ਗਏ ਮਤੇ ਬਾਬਾ ਹਰਦੀਪ ਸਿੰਘ ਮਹਿਰਾਜ ਵਲੋਂ ਪੜ੍ਹੇ ਗਏ, ਇਨ੍ਹਾਂ ਮਤਿਆਂ 'ਚ ਸੰਨ 1986 ਦੇ ਨਕੋਦਰ ਸਾਕੇ ਦੇ ਚਾਰ ਸ਼ਹੀਦਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ 'ਤੇ ਅਮਲ ਕੀਤਾ ਜਾਵੇ ਤੇ ਇਸ ਸਬੰਧੀ 37 ਸਾਲਾਂ ਤੋਂ ਦੱਬ ਕੇ ਰੱਖੀ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਨੂੰ ਜਨਤਕ ਕੀਤਾ ਜਾਵੇ। ਦੂਜਾ ਮਤਾ ਕਿ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀਆਂ ਤਸਵੀਰਾਂ ਨੂੰ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਸੁਸੋਬਿਤ ਕੀਤੀਆਂ ਜਾਣ, ਇਨ੍ਹਾਂ ਮਤਿਆਂ ਨੂੰ ਸੰਗਤ ਨੇ ਜੈਕਾਰੇ ਗੂੰਜਾ ਕੇ ਪ੍ਰਵਾਨਗੀ ਦਿੱਤੀ। ਇਹ ਮਤੇ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਕਰੋਪੀ ਐਥਮਸ ਗਰੀਸ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਲੈਸਟਰ ਯੂ.ਕੇ., ਗੁਰਦੁਆਰਾ ਸਿੱਖ ਸੈਂਟਰ ਫਰੈਂਕ ਫੋਰਟ ਜਰਮਨ, ਗੁਰਦੁਆਰਾ ਸਿੰਘ ਸਭਾ ਬੋਬਿਨੀ ਫਰਾਂਸ, ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਗੈਂਟ ਬੈਲਜੀਅਮ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦਮਦਮਾ ਟਕਸਾਲ ਸੀਮਾਧਰੀ ਗਰੀਸ, ਗੁਰੂ ਨਾਨਕ ਗੁਰਦੁਆਰਾ ਸਮੈਦਿਕ ਤੇ ਗੁਰਦੁਆਰਾ ਬਾਬਾ ਸੰਗ ਜੀ ਸਮੈਦਿਕ ਪੱਛਮ ਮਿਡਲੈਂਡਜ਼ ਵੱਲੋਂ ਭੇਜੇ ਗਏ। ਸ਼ਹੀਦ ਭਾਈ ਪਰਮਜੀਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਪੰਜਵੜ੍ਹ ਨੇ ਮਨੁੱਖੀ ਅਧਿਕਾਰਾਂ ਦੇ ਸੰਦਰਭ ਵਿਚ ਗਲ ਕਰਦਿਆ ਦੱਸਿਆ ਕਿ ਸ਼ਹੀਦ ਭਾਈ ਪੰਜਵੜ੍ਹ ਦੀ ਮਾਤਾ, ਭਰਾ ਨੂੰ ਸ਼ਹੀਦ ਕਰਕੇ ਉਹਨਾਂ ਦੀਆਂ ਲਾਸ਼ਾਂ ਖਪਾ ਦਿੱਤੀਆਂ, ਰਹਿੰਦੇ ਪਰਿਵਾਰਕ ਮੈਂਬਰਾਂ ਨੂੰ ਬੇਘਰ ਕਰ ਦਿੱਤਾ ਗਿਆ ਪਰ ਕੋਈ ਕਾਰਵਾਈ ਨਾ ਹੋਈ। ਰਾਜੀਵ ਗਾਧੀ ਦੇ ਕਾਤਲਨਾਮਾ ਹਮਲਾ ਕਰਨ ਵਾਲੇ ਭਾਈ ਕਰਮਜੀਤ ਸਿੰਘ ਸੁਨਾਮ ਨੇ ਸਿੱਖ ਕੌਮ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਜਿੰਦਗੀ ਵਿਚ ਅਮਲੀ ਰੂਪ 'ਚ ਲਾਗੂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੇ ਪਰਿਵਾਰ 'ਚੋਂ ਸ਼ਹੀਦ ਉਹਨਾਂ ਦੀ ਮਾਤਾ ਮਹਿੰਦਰ ਕੌਰ, ਭਰਾ ਸ਼ਹੀਦ ਭਾਈ ਰਾਜਵਿੰਦਰ ਸਿੰਘ ਪੰਜਵੜ੍ਹ, ਖਾੜਕੂ ਸੰਘਰਸ਼ ਨੂੰ ਅੰਤਮ ਸਾਹਾਂ ਤੱਕ ਸਮਰਿਪਤ ਬੀਬੀ ਪਾਲਜੀਤ ਕੌਰ, ਜਨਰਲ ਸ਼ਹੀਦ ਭਾਈ ਲਾਭ ਸਿੰਘ ਪੰਜਵੜ੍ਹ ਤੇ ਪਿੰਡ ਦੇ ਸਮੂਹ ਸ਼ਹੀਦ ਸਿੰਘਾਂ ਨੂੰ ਵੀ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਦਲ ਖਾਲਸਾ ਦੇ ਭਾਈ ਹਰਪਾਲ ਸਿੰਘ ਚੀਮਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਬਲਦੇਵ ਸਿੰਘ ਪੰਜਵੜ੍ਹ, ਭਾਈ ਬਖਸੀਸ ਸਿੰਘ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਪਰਮਜੀਤ ਸਿੰਘ ਮਾਲੂਵਾਲ, ਭਾਈ ਦੁੱਲਾ ਸਿੰਘ, ਬਲਦੇਵ ਸਿੰਘ ਸੁਲਤਾਨਵਿੰਡ ਭਾਈ ਸੁਖਜੀਤ ਸਿੰਘ ਖੋਸਾ, ਭਾਈ ਸੁਖਰਾਜ ਸਿੰਘ ਨਿਆਮੀਵਾਲਾ, ਭਾਈ ਦਿਆ ਸਿੰਘ ਕੱਕੜ, ਬਾਬਾ ਸਵਰਨ ਸਿੰਘ ਕੋਟਧਰਮੂ, ਭਾਈ ਨਰਾਇਣ ਸਿੰਘ ਚੌੜਾ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਾ, ਅਮਰਜੀਤ ਸਿੰਘ ਦਮਦਮੀ ਟਕਸਾਲ ਆਦਿ ਨੇ ਵੀ ਹਾਜਰੀ ਭਰੀ। ਸਟੇਜ ਸਕੱਤਰ ਦੀ ਭੂਮਿਕਾ ਭਾਈ ਰਾਮ ਸਿੰਘ ਢਿਪਾਲੀ ਤੇ ਭਾਈ ਸਤਨਾਮ ਸਿੰਘ ਖੰਡਾ ਵੱਲੋਂ ਬਾਖੂਬੀ ਨਿਭਾਈ ਗਈ।

## "ਪ੍ਰਿਥਮ ਭਗੌਤੀ ਸਿਮਰਕੇ" ਦੇ ਸ਼ਬਦ ਸਿੱਖ ਕੌਮ ਦੀ ਅਰਦਾਸ ਦੀ ਸੁਰੂਆਤ ਹਨ, ਇਸ ਲਈ

# ਕੋਈ ਵੀ ਦੁਨਿਆਵੀ ਅਦਾਲਤ ਸਿੱਖਾਂ ਦੇ ਸ਼ਸਤਰਾਂ ਉਤੇ ਕਿਸੇ ਤਰ੍ਹਾਂ ਦਾ ਪਾਬੰਦੀ ਨਹੀਂ ਲਗਾ ਸਕਦੇ : ਮਾਨ



ਨਵੀਂ ਦਿੱਲੀ, 6 ਮਈ (ਮਨਪ੍ਰੀਤ ਸਿੰਘ ਖਾਲਸਾ):- "ਜਦੋਂ ਤੋਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾਂ ਕੀਤੀ ਹੈ ਅਤੇ ਜਦੋਂ ਤੋਂ ਖ਼ਾਲਸਾ ਪੰਥ ਵੱਲੋਂ ਕੀਤੀ ਜਾਣ ਵਾਲੀ ਅਰਦਾਸ ਦੀ ਸੁਰੂਆਤ ਹੋਈ ਹੈ, ਜਿਸ ਨੂੰ 5 ਸਦੀਆਂ ਤੋ ਉਪਰ ਦਾ ਸਮਾਂ ਹੋ ਚੁੱਕਾ ਹੈ । ਉਸ ਸਮੇ ਤੋ ਹੀ ਦੁਨੀਆ ਵਿਚ ਵੱਸਣ ਵਾਲਾ ਹਰ ਸਿੱਖ ਦੋਵੇ ਸਮੇਂ ਅਰਦਾਸ ਕਰਦੇ ਸਮੇਂ 'ਪ੍ਰਿਥਮ ਭਗੌਤੀ ਸਿਮਰਕੇ' ਸਭ ਤੋਂ ਪਹਿਲੇ ਆਪਣੇ ਸ਼ਸਤਰ (ਹਥਿਆਰ) ਜਿਸ ਨੂੰ ਸਿੱਖ ਕੌਮ ਆਪਣੀ ਇਕ ਵੱਡਮੁੱਲੀ ਸ਼ਕਤੀ ਵੱਜੋ ਪ੍ਰਵਾਨ ਕਰਦੀ ਹੈ, ਅਰਥਾਤ ਕਿਰਪਾਨ (ਸ੍ਰੀਸਾਹਿਬ) ਨੂੰ ਨਮਸਕਾਰ ਕਰਦੇ ਹੋਏ ਫਿਰ ਆਪਣੇ ਗੁਰੂ ਸਾਹਿਬਾਨ ਜੀ ਤੇ ਹੋਰਨਾਂ ਨੂੰ ਨਤਮਸਤਕ ਹੁੰਦਾ ਆ ਰਿਹਾ ਹੈ । ਇਸ ਲਈ ਜੋ ਦੁਨਿਆਵੀ ਜਾਂ ਇੰਡੀਅਨ ਕਾਨੂੰਨ, ਅਦਾਲਤਾਂ, ਜੱਜ ਕਿਸੇ ਮੰਦਭਾਵਨਾ ਅਧੀਨ ਸਾਡੀ ਅਰਦਾਸ ਤੋਂ ਉਲਟ ਸਿੱਖ ਕੌਮ ਨੂੰ ਆਪਣੇ ਸ਼ਸਤਰ (ਹਥਿਆਰ) ਰੱਖਣ ਉਤੇ ਰੋਕ ਲਗਾਉਣ ਹਿੱਤ ਕਿਸੇ ਤਰ੍ਹਾਂ ਦਾ ਅਮਲ ਹੁੰਦਾ ਹੈ, ਸਿੱਖ ਕੌਮ ਆਪਣੀ ਅਰਦਾਸ ਦੇ ਉਲਟ ਅਜਿਹੇ ਕਿਸੇ ਵੀ ਹੁਕਮ ਨੂੰ ਕਤਈ ਪ੍ਰਵਾਨ ਨਹੀਂ ਕਰ ਸਕਦਾ ਅਤੇ ਨਾ ਹੀ ਅਦਾਲਤਾਂ, ਕਾਨੂੰਨ ਜਾਂ ਜੱਜਾਂ ਨੂੰ ਇਹ ਕੋਈ ਅਧਿਕਾਰ ਹੈ ਕਿ ਸਾਡੀ 5 ਸਦੀਆਂ ਤੋ ਹੁੰਦੀ ਆ ਰਹੀ ਅਰਦਾਸ ਵਿਚ ਪ੍ਰਿਥਮ ਭਗੌਤੀ ਦੇ ਮਹਾਨ ਮਹੱਤਵ ਨੂੰ ਨੁਕਸਾਨ ਪਹੁੰਚਾਉਣ ਹਿੱਤ ਕੋਈ ਅਮਲ ਕਰੇ ਜਾਂ ਐਲਾਨ ਕਰੇ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਦਿਨੀਂ ਪੰਜਾਬ-ਹਰਿਆਣਾ ਹਾਈਕੋਰਟ ਦੇ ਜਸਟਿਸ ਮਨੂਜਾ ਬੈਂਚ ਵੱਲੋਂ ਸ਼ੋਸ਼ਲ ਮੀਡੀਏ ਉਤੇ ਜਾਂ ਸਾਡੀਆ ਪ੍ਰੰਪਰਾਵਾਂ ਅਨੁਸਾਰ ਵੱਖ-ਵੱਖ ਕੌਮੀ ਮਹਾਨ ਮੌਕਿਆ ਉਤੇ ਗੁਰੂ ਸਾਹਿਬਾਨ ਵੱਲੋ ਸਿੱਖ ਕੌਮ ਨੂੰ ਬਖਸ਼ਿਸ਼ ਕੀਤੇ ਗਏ ਸ਼ਸਤਰਾਂ ਨੂੰ ਲਹਿਰਾਉਣ ਅਤੇ ਉਸ ਸ਼ਕਤੀ ਦੀ ਭਾਵਨਾ ਨੂੰ ਪ੍ਰਗਟਾਉਣ ਉਤੇ ਮੰਦਭਾਵਨਾ ਅਧੀਨ ਰੋਕ ਲਗਾਉਣ, ਐਫ.ਆਈ.ਆਰ. ਦਰਜ ਕਰਨ ਅਤੇ ਸਿੱਖਾਂ ਦੇ ਆਰਮ ਲਾਈਸੈਸ ਜ਼ਬਤ ਕਰਨ ਦੀਆਂ ਕਾਰਵਾਈਆ ਨੂੰ ਅਸਹਿ ਕਰਾਰ ਦਿੰਦੇ ਹੋਏ ਅਤੇ ਸਿੱਖ ਧਰਮ ਵਿਚ ਅਦਾਲਤਾਂ, ਕਾਨੂੰਨਾਂ ਤੇ ਜੱਜਾਂ ਵੱਲੋ ਦਖਲ ਦੇਣ ਦੀ ਕਾਰਵਾਈ ਨੂੰ ਮੰਦਭਾਗਾ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਸਾਡੀ ਸਿੱਖ ਕੌਮ ਦੇ ਪੰਜ ਤਖਤ ਜਿਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਜਦੋ ਵੀ ਕੋਈ ਸਿੱਖ ਦਰਸ਼ਨ ਕਰਨ ਲਈ ਜਾਂਦਾ ਹੈ ਤਾਂ ਸਭ ਤੋਂ ਪਹਿਲੇ ਉਹ ਨਤਮਸਤਕ ਹੁੰਦੇ ਹੋਏ ਇਨ੍ਹਾਂ ਸਥਾਨਾਂ ਤੇ ਦਰਸ਼ਨਾਂ ਲਈ ਰੱਖੇ ਗਏ ਗੁਰੂ ਸਾਹਿਬ ਜੀ ਦੇ ਸ਼ਸਤਰਾਂ ਦੇ ਵੀ ਦਰਸ਼ਨ ਕਰਦੇ ਹੋਏ ਨਤਮਸਤਕ ਹੁੰਦਾ ਹੈ । ਕਿਉਂਕਿ ਇਹ ਸਾਡੀ ਅਰਦਾਸ ਵਿਚ ਸਭ ਤੋਂ ਪਹਿਲੇ ਨੰਬਰ ਤੇ ਨਤਮਸਤਕ ਹੋਣ ਵਾਲੇ ਸ਼ਸਤਰ ਹਨ । ਇਸ ਲਈ ਕਿਸੇ ਵੀ ਦੁਨਿਆਵੀ ਅਦਾਲਤ, ਕਾਨੂੰਨ, ਜੱਜ ਨੂੰ ਸਿੱਖ ਕੌਮ ਦੀਆਂ ਸਦੀਆ ਤੋ ਚੱਲਦੀਆ ਆ ਰਹੀਆ ਕੌਮੀ ਰਵਾਇਤਾ ਆਪਣੇ ਸ਼ਸਤਰ ਆਪਣੇ ਕੋਲ ਰੱਖਣ, ਮਹਾਨ ਸਿੱਖੀ ਦਿਹਾੜਿਆ ਉਤੇ ਉਨ੍ਹਾਂ ਸ਼ਸਤਰਾਂ ਦੇ ਜੌਹਰ ਦਿਖਾਉਣ ਤੇ ਸ਼ਕਤੀ ਦਾ ਪ੍ਰਗਟਾਵਾ ਕਰਨ ਅਤੇ ਨਾਲ ਲੈਕੇ ਚੱਲਣ ਉਤੇ ਕਿਸੇ ਤਰ੍ਹਾਂ ਦੀ ਰੋਕ ਨਹੀ ਲਗਾ ਸਕਦੀ । ਜੋ ਬੀਤੇ ਦਿਨੀਂ ਉਪਰੋਕਤ ਪੰਜਾਬ ਹਰਿਆਣਾ ਹਾਈਕੋਰਟ ਦੇ ਮਨੂਜਾ ਬੈਂਚ ਨੇ ਸਿੱਖ ਕੌਮ ਦੇ ਹਥਿਆਰਾਂ, ਸ੍ਰੀ ਸਾਹਿਬ, ਤਲਵਾਰ (ਭਗੌਤੀ) ਅਤੇ ਹੋਰ ਕੌਮੀ ਸ਼ਸਤਰਾਂ ਉਤੇ ਪਾਬੰਦੀ ਲਗਾਉਣ ਹਿੱਤ ਉਨ੍ਹਾਂ ਦੇ ਹਥਿਆਰ ਜਮ੍ਹਾ ਕਰਨ, ਕੇਸ ਦਰਜ ਕਰਨ, ਲਾਈਸੈਸ ਰੱਦ ਕਰਨ ਦੀ ਗੱਲ ਕੀਤੀ ਹੈ ਇਹ ਸਾਡੇ ਸਿੱਖ ਧਰਮ ਉਤੇ ਸਾਡੀਆ ਰਵਾਇਤਾ ਨੂੰ ਖਤਮ ਕਰਨ ਵਾਲਾ ਇਕ ਸ਼ਰਮਨਾਕ ਹਮਲਾ ਹੈ ਜਿਸ ਨੂੰ ਕੌਮ ਕਦੀ ਵੀ ਪ੍ਰਵਾਨ ਨਹੀ ਕਰ ਸਕਦੀ । ਕਿਉਂਕਿ ਸਿੱਖ ਇਕ ਵੱਖਰੀ, ਅਣਖੀਲੀ ਅਤੇ ਨਿਵੇਕਲੀ ਪਹਿਚਾਣ ਵਾਲੀ ਕੌਮ ਹੈ । ਇਸਦੀਆਂ ਰਵਾਇਤਾ ਵੀ ਮਹਾਨ ਹਨ । ਜਿਨ੍ਹਾਂ ਨੂੰ ਕਿਸੇ ਵੀ ਤਾਕਤ ਵੱਲੋ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਜਾਂ ਅਪਮਾਨ ਕਰਨ ਦੀ ਇਜਾਜਤ ਨਹੀ ਦਿੱਤੀ ਜਾਵੇਗੀ । ਇਸ ਲਈ ਸਾਡੀ ਜਸਟਿਸ ਮਨੂਜਾ ਬੈਂਚ ਦੇ ਸਤਿਕਾਰਯੋਗ ਜੱਜ ਜਸਟਿਸ ਹਰਕੇਸ ਮਨੂਜਾ ਅਤੇ ਬਾਕੀ ਜੱਜ ਸਾਹਿਬਾਨ ਨੂੰ ਕੌਮੀ ਮਹਾਨ ਰਵਾਇਤਾ ਦੇ ਬਿਨ੍ਹਾਂ ਤੇ ਇਹ ਗੁਜਾਰਿਸ ਹੈ ਕਿ ਸਿੱਖ ਕੌਮ ਤੇ ਇਸ ਤਰ੍ਹਾਂ ਸ਼ਸਤਰ ਰੱਖਣ ਜਾਂ ਵਿਸੇਸ ਮੌਕਿਆ ਉਤੇ ਉਨ੍ਹਾਂ ਨੂੰ ਲਹਿਰਾਉਣ ਜਾਂ ਸ਼ੋਸ਼ਲ ਮੀਡੀਆ ਤੇ ਇਨ੍ਹਾਂ ਤਸਵੀਰਾਂ ਨੂੰ ਪ੍ਰਚਾਰਣ ਦੀ ਮੰਦਭਾਵਨਾ ਅਧੀਨ ਜੋ ਨਿਸਾਨਾਂ ਬਣਾਇਆ ਜਾ ਰਿਹਾ ਹੈ ਇਸ ਤੋ ਤੋਬਾ ਕਰਨੀ ਬਣਦੀ ਹੈ । ਤਾਂ ਕਿ ਪਹਿਲੋ ਹੀ ਹੁਕਮਰਾਨਾਂ ਵੱਲੋ ਸਿੱਖ ਕੌਮ ਨਾਲ ਕੀਤੇ ਜਾ ਰਹੇ ਵਿਤਕਰਿਆ ਤੇ ਜ਼ਬਰ ਜੁਲਮ ਵਿਚ ਅਜਿਹਾ ਅਮਲ ਹੋਰ ਵਾਧਾ ਨਾ ਕਰ ਸਕੇ ਅਤੇ ਸਿੱਖ ਕੌਮ ਦਾ ਰੋਹ ਟੀਸੀ ਤੇ ਨਾ ਪਹੁੰਚ ਜਾਵੇ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਇੱਕ ਨਜ਼ਰ



### ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ

## ਅੱਠਵੀਂ ਜਮਾਤ ਦੇ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

ਫ਼ਿਰੋਜ਼ਪੁਰ, 6 ਮਈ (ਮਨੋਹਰ ਲਾਲ) : ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਅੱਠਵੀਂ ਜਮਾਤ ਦੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ—ਪਿਤਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਹਿਲਾ ਸਥਾਨ ਖੁਸ਼ਕਰਨਪ੍ਰੀਤ ਕੌਰ ਪੁੱਤਰੀ ਰਜਿੰਦਰ ਸਿੰਘ ਪਿੰਡ ਮੱਲੂਵਾਲਾ, ਦੂਸਰਾ ਸਥਾਨ ਕਿਰਨਜੋਤ ਕੌਰ ਪੁੱਤਰੀ ਗੁਰਸਿਮਰਨ ਸਿੰਘ ਪਿੰਡ ਮਹਿਮਾ, ਦੂਸਰਾ ਸਥਾਨ ਗੁਰਸਿਮਰਨ ਕੌਰ ਪੁੱਤਰੀ ਕੁਲਵਿੰਦਰ ਸਿੰਘ ਪਿੰਡ ਮੱਲੂਵਾਲਾ ਅਤੇ ਤੀਸਰਾ ਸਥਾਨ ਗੁਰਪਿੰਦਰ ਕੌਰ ਪੁੱਤਰ ਲਖਵਿੰਦਰ ਸਿੰਘ ਪਿੰਡ ਬੁਰਜ ਮੱਖਣ ਸਿੰਘ ਨੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ। ਗਿਆਨੀ ਭਾਈ ਸਾਹਿਬ ਸਿੰਘ ਦਮਦਮੀ ਟਕਸਾਲ ਅਤੇ ਜਥੇਦਾਰ ਭਾਈ ਸੁਖਦੇਵ ਸਿੰਘ ਜੀ ਮੁੱਖ ਬੁਲਾਰਾ ਦਮਦਮੀ ਟਕਸਾਲ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਬਹੁਤ ਮੁਬਾਰਕਾਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਬੱਚਿਆਂ ਦੇ ਮਾਤਾ—ਪਿਤਾ ਦਾ ਧੰਨਵਾਦ ਕੀਤਾ ਅਤੇ ਮੈਰਿਟ ਵਿਚ ਅੱਠਵੀਂ ਕਲਾਸ ਵਿੱਚ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਸਨਮਾਨ ਕੀਤਾ। ਇਸ ਮੌਕੇ ਮਾਸਟਰ ਬਲਰਾਜ ਸਿੰਘ, ਮੈਡਮ ਅਨੁਰਾਧਾ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਦਾ ਹੋਇਆ ਚੋਣ ਇਜਲਾਸ



ਫ਼ਿਰੋਜ਼ਪੁਰ, 6 ਮਈ (ਮਨੋਹਰ ਲਾਲ) : ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਦਾ ਚੋਣ ਇਜਲਾਸ ਕਾਮਰੇਡ ਜਰਨੈਨ ਸਿੰਘ ਭਵਨ ਵਿਚ ਕੀਤਾ ਗਿਆ। ਇਸ ਅਜਲਾਸ ਦੀ ਪ੍ਰਧਾਨਗੀ ਸੂਬਾ ਕਮੇਟੀ ਤੋਂ ਪਹੁੰਚੇ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਅਵਤਾਰ ਸਿੰਘ ਗਗੜਾ ਅਤੇ ਸਤਪਾਲ ਸਹਿਗਲ ਅਤੇ ਜ਼ਿਲ੍ਹਾ ਪ੍ਰਧਾਨ ਬਲਵੰਤ ਸਿੰਘ ਸੰਧੂ ਨੇ ਕੀਤੀ। ਅੱਜ ਦੇ ਇਜਲਾਸ ਦੀ ਕਾਰਵਾਈ ਤੋਂ ਪਹਿਲਾਂ ਪਿਛਲੇ ਸਮੇਂ ਵਿਚ ਵਿਛੋੜਾ ਦੇ ਚੁੱਕੇ ਸਾਥੀਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀਆਂ ਦਿੱਤੀਆਂ ਗਈਆਂ ਅਤੇ ਵਿਛੜੇ ਸਾਥੀ ਮਦਨ ਲਾਲ ਐਸ.ਐਸ, ਮਲਕੀਤ ਚੰਦ ਪਾਸੀ ਦਾ ਲੜਕਾ ਹਰਮਿੰਦਰ (ਗੋਲਡੀ) ਅਤੇ ਪ੍ਰੇਮ ਬਹਿਲ ਦਾ ਛੋਟਾ ਭਰਾ ਸੁਬਾਸ਼ ਚੰਦਰ। ਅੱਜ ਦੇ ਇਜਲਾਸ ਦੌਰਾਨ ਸਟੇਜ਼ ਦੀ ਕਾਰਵਾਈ ਸੰਤ ਰਾਮ ਨੇ ਚਲਾਈ, ਜਦੋਂ ਕਿ ਜਨਰਲ ਸਕੱਤਰ ਉਮ ਪ੍ਰਕਾਸ਼ ਨੇ ਪਿਛਲੇ ਸਮੇਂ ਵਿਚ ਕੀਤੇ ਐਕਸ਼ਨਾਂ ਦੀ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਮਲਕੀਤ ਚੰਦ ਪਾਸੀ ਨੇ ਕੈਸ਼ ਦੇ ਹਿਸਾਬ ਦੀ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਜਗਦੀਸ਼ ਸਿੰਘ ਚਾਹਲ, ਅਵਤਾਰ ਸਿੰਘ ਗਗੜਾ ਅਤੇ ਬਲਬੀਰ ਸਿੰਘ ਸੰਧੂ ਨੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿਚ ਕੇਂਦਰ ਦੀ ਮੋਦੀ ਸਰਕਾਰ ਅਤੇ ਆਪ ਦੀ ਸਰਕਾਰ ਨੂੰ ਸਬਕ ਸਿਖਾਉਣਾ ਜ਼ਰੂਰੀ ਹੈ। ਇਸ ਮੌਕੇ ਇਕਬਾਲ ਸਿੰਘ ਸੰਧੂ ਅਤੇ ਉਮ ਪ੍ਰਕਾਸ਼ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਕੀਤੇ ਵਾਇਦੇ ਸਰਕਾਰ ਭੁੱਲ ਚੁੱਕੀ ਹੈ ਅਤੇ ਕੋਈ ਵੀ ਮੰਗ ਪੂਰੀ ਨਹੀਂ ਕੀਤੀ, ਚਾਹੇ 2.59 ਦਾ ਫੈਕਟਰ, 1—1—16 ਤੋਂ ਪੇ ਕਮਿਸ਼ਨ ਦਾ ਬਕਾਇਆ, ਪੁਰਾਣੀ ਪੈਨਸ਼ਨ ਬਹਾਲ ਕਰਨਾ, 12 ਪ੍ਰਤੀਸ਼ਤ ਡੀ.ਏ ਦੇਣਾ ਬਣਦਾ ਹੈ। ਇਸ ਮੌਕੇ ਨਵੀਂ ਚੁਣੀ ਟੀਮ ਵਿਚ ਇਕਬਾਲ ਸਿੰਘ ਸੰਧੂ ਚੇਅਰਮੈਨ, ਗੁਰਤੇਜ਼ ਸਿੰਘ ਜਨਰਲ ਸਕੱਤਰ, ਬਲਵੰਤ ਸਿੰਘ ਸੰਧੂ ਪ੍ਰਧਾਨ ਅਤੇ ਮਲਕੀਤ ਚੰਦ ਪਾਸੀ ਚੁਣੇ ਗਏ। ਹਾਊਸ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿਚ ਪੈਨਸ਼ਨਰ ਹਾਜ਼ਰ ਸਨ।

## ਭਾਜਪਾ ਦੇ ਉਮੀਦਵਾਰਾਂ ਦਾ ਕਰਾਂਗੇ ਘਿਰਾਓ

ਫ਼ਿਰੋਜ਼ਪੁਰ, 6 ਮਈ (ਮਨੋਹਰ ਲਾਲ) : ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲਾ ਫਿਰੋਜ਼ਪੁਰ ਦੀ ਮਹੀਨਾਵਾਰੀ ਮੀਟਿੰਗ ਜ਼ਿਲਾ ਪ੍ਰਧਾਨ ਜਗੀਰ ਸਿੰਘ ਖਹਿਰਾ ਅਤੇ ਜ਼ਿਲਾ ਜਨਰਲ ਸਕੱਤਰ ਗੁਲਜ਼ਾਰ ਸਿੰਘ ਕੱਬਰਵੱਛਾ ਦੀ ਅਗਵਾਈ ਵਿੱਚ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਲੋਕ ਸਭਾ ਦੀਆਂ ਚਲ ਰਹੀਆਂ ਚੋਣਾਂ ਅਤੇ ਕਿਸਾਨਾਂ—ਮਜ਼ਦੂਰਾਂ ਦੇ ਸਰੋਕਾਰਾਂ ਸਬੰਧੀ ਵਿਚਾਰ ਕੀਤੀ ਗਈ, ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ। ਆਗੂਆਂ ਨੇ ਬੋਲਦਿਆਂ ਕਿਹਾ ਕਿ ਇਸ ਰਾਜ ਪ੍ਰਬੰਧ ਉਪਰ ਸਰਮਾਏਦਾਰੀ ਕਾਬਜ਼ ਹੈ, ਸਰਕਾਰ ਦੀਆਂ ਨੀਤੀਆਂ ਸਾਮਰਾਜ ਦੇ ਦਿਸ਼ਾ—ਨਿਰਦੇਸ਼ਾਂ ਅਨੁਸਾਰ ਕਾਰਪੋਰੇਟ ਘਰਾਣਿਆਂ ਵੱਲੋਂ ਘੜਿਆਂ ਜਾਂਦੀਆਂ ਹਨ। ਇਸ ਮੌਕੇ ਜਥੇਬੰਦੀ ਵੱਲੋਂ ਸਰਵਸੰਮਤੀ ਨਾਲ ਫੈਸਲਾ ਕੀਤਾ ਕਿ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹੋਇਆ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਤਿੱਖੇ ਸਵਾਲ ਕੀਤੇ ਜਾਣਗੇ ਅਤੇ ਭਾਜਪਾ ਦੇ ਉਮੀਦਵਾਰਾਂ ਦਾ ਸ਼ਾਂਤਮਈ ਤਰੀਕੇ ਨਾਲ ਸਖ਼ਤ ਵਿਰੋਧ ਕੀਤਾ ਜਾਵੇਗਾ, ਕਿਉਕਿ ਪਿਛਲੇ ਦਿਨੀਂ ਉਮੀਦਵਾਰ ਪਰਨੀਤ ਕੌਰ ਦਾ ਸ਼ਾਂਤਮਈ ਤਰੀਕੇ ਨਾਲ ਵਿਰੋਧ ਕਰਦੇ ਹੋਏ ਕਿਸਾਨਾਂ ਨੂੰ ਪੁਲਸ ਵਲੋਂ ਲਾਠੀਚਾਰਜ ਕੀਤਾ ਗਿਆ, ਜਿਸ ਵਿਚ ਇਕ ਕਿਸਾਨ ਦੀ ਮੌਤ ਹੋ ਗਈ ਸੀ, ਜਿਸ ਦੇ ਰੋਸ ਵਜੋਂ ਭਾਜਪਾ ਦੇ ਉਮੀਦਵਾਰਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ 21 ਮਈ ਨੂੰ ਜਗਰਾਉ ਵਿਖੇ ਹੋਣ ਵਾਲੀ ਮਹਾਂ ਪੰਚਾਇਤ ਵਿੱਚ ਜ਼ਿਲਾ ਫਿਰੋਜ਼ਪੁਰ ਵੱਲੋਂ ਸੈਕੜੇ ਕਿਸਾਨ ਅਤੇ ਕਿਸਾਨ ਬੀਬੀਆਂ ਵੱਲੋਂ ਇਸ ਮਹਾ ਪੰਚਾਇਤ ਨੂੰ ਸਫ਼ਲ ਬਣਾਉਣ ਲਈ ਕਾਫਲੇ ਦੇ ਰੂਪ ਵਿਚ ਸ਼ਮੂਲੀਅਤ ਕੀਤੀ ਜਾਏਗੀ। ਇਸ ਮੌਕੇ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਕੜਮਾ, ਜ਼ਿਲਾ ਪ੍ਰੈਸ ਸਕੱਤਰ ਲਖਵੀਰ ਸਿੰਘ ਡੋਡ, ਜ਼ਿਲਾ ਮੈਂਬਰ ਸ਼ਮਸ਼ੇਰ ਸਿੰਘ ਸਹਿਜਾਦੀ, ਜ਼ਿਲਾ ਮੈਂਬਰ ਬਗੀਚਾ ਸਿੰਘ, ਬਲਾਕ ਗੁਰੂਹਰਸਹਾਏ 1 ਤੋਂ ਸੰਦੀਪ ਸਿੰਘ, ਰਾਜਨ ਸਿੰਘ ਗੁਰੂਹਰਸਹਾਏ 2 ਬਲਾਕ ਤੋਂ ਮੰਗਲ ਦਾਸ ਢੋਟ, ਬੇਅੰਤ ਸਿੰਘ, ਬਲਜਿੰਦਰ ਕੁਮਾਰ, ਗੁਰਦਿਆਲ ਮਮਦੋਟ ਬਲਾਕ ਤੋਂ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਹਰਬੰਸ ਸਿੰਘ ਜੋਧਪੁਰ ਜ਼ੀਰਾ ਬਲਾਕ ਤੋਂ ਬਲਾਕ ਪ੍ਰਧਾਨ ਪਰਨੀਤ ਸਿੰਘ ਭੜਾਣਾ, ਜਗਤਾਰ ਸਿੰਘ, ਹਰਵਿੰਦਰ ਸਿੰਘ, ਘੱਲ ਬਲਾਕ ਤੋਂ ਬਲਾਕ ਪ੍ਰਧਾਨ ਸਾਹਿਬ ਸਿੰਘ ਵਾੜਾ ਭਾਈ ਕਾ, ਸੁਖਵਿੰਦਰ ਸਿੰਘ, ਰਘੁਵੀਰ ਸਿੰਘ, ਕਾਕਾ ਜਸਪਾਲ ਸਿੰਘ, ਬੂਟਾ ਸਿੰਘ, ਫਿਰਜ਼ਪੁਰ ਬਲਾਕ ਤੋਂ ਬਲਾਕ ਪ੍ਰਧਾਨ ਅਮਰੀਕ ਸਿੰਘ ਪੱਲ੍ਹਾ ਮੇਘਾ, ਮੇਜਰ ਸਿੰਘ, ਇਕਬਾਲ ਸਿੰਘ, ਗੁਰਚਰਨ ਸਿੰਘ ਨਾਜੂ ਸ਼ਾਹ ਵਾਲਾ, ਸੁਖਦੇਵ ਸਿੰਘ, ਜੋਗਿੰਦਰ ਸਿੰਘ ਨੂਰਪੁਰ, ਮੱਖੂ ਬਲਾਕ ਤੋਂ ਮਨੋਹਰ ਸਿੰਘ, ਹਰਭਜਨ ਸਿੰਘ ਆਦਿ ਹਾਜ਼ਰ ਸਨ।

### ਇੰਟਰਨੈਸ਼ਨਲ ਪੰਥਕ ਦਲ ਦੀ ਅਹਿਮ ਮੀਟਿੰਗ ਵਿੱਚ ਸਰਬ ਸੰਮਤੀ ਨਾਲ

# ਸੰਤ ਬਾਬਾ ਜਤਿੰਦਰ ਸਿੰਘ ਜੀ ਗੋਵਿੰਦਬਾਗ ਵਾਲਿਆਂ ਨੂੰ ਐਕਟਿੰਗ ਪ੍ਰਧਾਨ ਦੀ ਸੇਵਾ ਨਿਭਾਉਣ ਦਾ ਐਲਾਨ: ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ





**ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ ਦੀ ਰਿਪੋਰਟ**

ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਰਹਿਨੁਮਾਈ ਹੇਠ ਹਰ ਮਹੀਨੇ ਗੁਰੂ ਰਾਮਦਾਸ ਜੀ ਦੇ ਲੰਗਰ ਵਿੱਚ ਸੇਵਾ ਕਰਨ ਤੋਂ ਉਪਰੰਤ ਮੀਟਿੰਗ ਕੀਤੀ ਜਾਂਦੀ ਹੈ। ਇਸ ਅਹਿਮ ਮੀਟਿੰਗ ਵਿੱਚ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਨੇ ਕਿਹਾ ਕਿ ਇਸ ਵਾਰ ਜਥੇਬੰਦੀ ਦੇ ਪ੍ਰਧਾਨ ਭਾਈ ਹਰਚੰਦ ਸਿੰਘ ਜੀ ਚੱਕਰ ਜੋ ਵਿਦੇਸ਼ ਦੌਰੇ ਤੇ ਸਿੱਖੀ ਦੇ ਪ੍ਰਚਾਰ ਵਾਸਤੇ ਗਏ ਹਨ ਉਹਨਾਂ ਨੂੰ ਵਿਦੇਸ਼ ਵਿੱਚ ਕੁਝ ਸਮਾਂ ਹੋਰ ਲੱਗਣਾ ਹੈ ਜੋ ਇੰਟਰਨੈਸ਼ਨਲ ਪੰਥਕ ਦਾ ਜਥੇਬੰਦੀ ਵੱਲੋਂ ਜੱਥੇਦਾਰ ਹਰਚੰਦ ਸਿੰਘ ਜੀ ਚੱਕਰ ਦੀ ਥਾਂ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੂੰ ਐਕਟਿੰਗ ਪ੍ਰਧਾਨ ਦੀ ਸੇਵਾ ਸੌਂਪੀ ਗਈ ਹੈ। ਜੋ ਜੱਥੇਦਾਰ ਭਾਈ ਹਰਚੰਦ ਸਿੰਘ ਜੀ ਚੱਕਰ ਵਾਪਸ ਪੰਜਾਬ ਦੀ ਧਰਤੀ ਤੇ ਨਹੀਂ ਆਉਂਦੇ ਉਹਨਾਂ ਦੀ ਗੈਰ ਹਾਜ਼ਰੀ ਵਿੱਚ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਸੇਵਾ ਨਿਭਾਉਣਗੇ। ਇਸੇ ਤਰ੍ਹਾਂ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੇ ਬੋਲਦਿਆਂ ਦੱਸਿਆ ਕਿ ਜੋ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਅਤੇ ਸਮੁੱਚੀ ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਵੱਲੋਂ ਸੇਵਾ ਦਾਸ ਦੀ ਝੋਲੀ ਵਿੱਚ ਪਾਈ ਗਈ ਹੈ ਮੈਂ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਅਤੇ ਸਮੁੱਚੀ ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਸੇਵਾ ਨੂੰ ਪੂਰੀ ਤਨ ਦੇਹੀ ਅਤੇ ਤਨ ਮਨ ਧਨ ਨਾਲ ਨਿਭਾਵਾਂਗਾ ਮੈਂ ਇਸ ਸੇਵਾ ਲਈ ਹਰ ਸਮੇਂ ਤਤਪਰ ਰਹਾਂਗਾ। ਇਸ ਮੌਕੇ ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਮੁੱਖ ਬੁਲਾਰੇ ਸੰਤ ਬਾਬਾ ਸਵਰਨਜੀਤ ਸਿੰਘ ਜੀ ਪੈਨਲ ਮੈਂਬਰ, ਸੰਤ ਬਾਬਾ ਸਤਨਾਮ ਸਿੰਘ ਜੀ ਵੱਲੀਆਂ ਪੰਜਾਬ ਪ੍ਰਧਾਨ ਧਾਰਮਿਕ ਵਿੰਗ, ਭਾਈ ਕਿਰਪਾ ਸਿੰਘ ਜੀ ਨੱਥੂ ਵਾਲਾ ਪੰਜਾਬ ਪ੍ਰਧਾਨ ਕਿਸਾਨ ਵਿੰਗ, ਜਥੇਦਾਰ ਵਜ਼ੀਰ ਸਿੰਘ ਜੀ ਵਾਂ ਸੀਨੀਅਰ ਮੀਤ ਪ੍ਰਧਾਨ ਤਰਨ ਤਾਰਨ ,ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ, ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ, ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ, ਭਾਈ ਦਮਨ ਪ੍ਰੀਤ ਸਿੰਘ ਜੀ ਜਿਲਾ ਪ੍ਰਧਾਨ ਧਾਰਮਿਕ ਵਿੰਗ , ਭਾਈ ਰਣਧੀਰ ਸਿੰਘ ਜੀ ਜਿਲਾ ਪ੍ਰਧਾਨ ਸੰਗਰੂਰ , ਭਾਈ ਜੋਗਿੰਦਰ ਸਿੰਘ ਜੀ ਮੀਤ ਪ੍ਰਧਾਨ, ਭਾਈ ਕੁਲਦੀਪ ਸਿੰਘ ਜੀ ਡੱਲਾ ਜਿਲਾ ਪ੍ਰਧਾਨ ਅਤੇ ਹੋਰ ਸਮੂਹ ਪਤਵੰਤੇ ਹਾਜ਼ਰ ਸਨ ।

### ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦਾ ਦੂਜਾ ਦਿਨ

# ਚਚਰਾੜੀ, ਜਰਖੜ ਹਾਕੀ ਅਕੈਡਮੀ, ਏਕ ਨੂਰ ਅਕੈਡਮੀ ਤਹਿੰਗ ਵੱਲੋਂ ਜੇਤੂ ਸ਼ੁਰੂਆਤ



ਲੁਧਿਆਣਾ ਨਕੋਦਰ ਮਹਿਤਪੁਰ, 6 ਮਈ (ਹਰਜਿੰਦਰ ਪਾਲ ਛਾਬੜਾ)- ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰ ?ਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 14ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਦਿਨ ਅੱਜ ਜਿੱਥੇ ਜੂਨੀਅਰ ਵਰਗ ਵਿੱਚ ਚਚਰਾੜੀ , ਜਰਖੜ ਹਾਕੀ ਅਕੈਡਮੀ ਵੱਲੋਂ ਆਪਣੀ ਜੇਤੂ ਸ਼ੁਰੂਆਤ ਕੀਤੀ ਗਈ ਉੱਥੇ ਸੀਨੀਅਰ ਵਰਗ ਵਿੱਚ ਏਕ ਨੂਰ ਅਕੈਡਮੀ ਤੇ ਜਰਖੜ ਹਾਕੀ ਅਕੈਡਮੀ ਨੇ ਵੀ ਆਪਣੇ ਪਹਿਲੇ ਮੈਚ ਵਿੱਚ ਜੇਤੂ ਮੋਰਚਾ ਫਤਿਹ ਕੀਤਾ ।ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਰਾਜ ਪਧਰੀ ਓਲੰਪੀਅਨ ਪ੍ਰਿੰਥੀਪਲ ਹਾਕੀ ਫੈਸਟੀਵਲ ਦੇ ਦੂਜੇ ਦਿਨ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੇ ਘਵੱਦੀ ਸਕੂਲ ਨੂੰ 6-2 ਗੋਲਾਂ ਨਾਲ ਹਰਾਇਆ । ਚਚਰਾੜੀ ਦਾ ਪ੍ਰਭਜੋਤ ਸਿੰਘ ਹੀਰੋ ਆਫ ਦਾ ਮੈਚ ਬਣਿਆ ਜਦ ਕਿ ਦੂਸਰੇ ਜੂਨੀਅਰ ਵਰਗ ਦੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਏਕ ਨੂਰ ਅਕੈਡਮੀ ਨੂੰ 3-0 ਨਾਲ ਹਰਾਇਆ ਜਰਖੜ ਹਾਕੀ ਅਕੈਡਮੀ ਦਾ ਗੋਲਕੀਪਰ ਦਿਲਪ੍ਰੀਤ ਸਿੰਘ ਹੀਰੋ ਆਫ ਦਾ ਮੈਚ ਬਣਿਆ। ਸੀਨੀਅਰ ਵਰਗ ਦੇ ਵਿੱਚ ਬਹੁਤ ਹੀ ਫਸਵੇਂ ਅਤੇ ਸੰਘਰਸ਼ ਪੂਰਨ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੂੰ 3-2 ਨਾਲ ਮਾਤ ਦਿੱਤੀ । ਜਰਖੜ ਹਾਕੀ ਅਕੈਡਮੀ ਦਾ ਰੋਬਿਨ ਕੁਮਾਰ ਹੀਰੋ ਆਫ ਦਾ ਮੈਚ ਬਣਿਆ। ਆਖਰੀ ਲੀਗ ਮੈਚ ਵਿੱਚ ਸੀਨੀਅਰ ਵਰਗ ਵਿੱਚ ਏਕ ਨੂਰ ਅਕੈਡਮੀ ਤੇਹਿੰਗ ਨੇ ਸਟਿਕ ਸਟਾਰ ਬੇਕਰਜਫੀਲਡ ਕੈਲੀਫੋਰਨੀਆ ਨੂੰ ਵੱਡਾ ਉਲਟ ਫੇਰ ਕਰਦੇ ਆਂ 6-5 ਨਾਲ ਹਰਾਇਆ । ਏਕ ਨੂਰ ਅਕੈਡਮੀ ਦਾ ਪ੍ਰਿੰਸ ਹੀਰੋ ਆਫ ਦਾ ਮੈਚ ਬਣਿਆ । ਅੱਜ ਦੇ ਮੈਚਾਂ ਦੌਰਾਨ ਸਰਦਾਰ ਰਘਵੀਰ ਸਿੰਘ ਖਾਨਪੁਰ ਅਮਰੀਕਾ ਅਤੇ ਉ ?ਘੇ ਸਮਾਜ ਸੇਵੀ ਹਰਨੇਕ ਸਿੰਘ ਭ ?ਪ ਨੇ ਮੁੱਖ ਮਹਿਮਾਨ ਵਜੋਂ ਖਿਡਾਰੀਆਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਪਰਮਜੀਤ ਸਿੰਘ ਨੀਟੂ , ਕੁਲਦੀਪ ਸਿੰਘ ਘਵ ?ਦੀ , ਗੁਰਸਤਿੰਦਰ ਸਿੰਘ ਪ੍ਰਗਟ ,ਪਰਮ ਗਰੇਵਾਲ ਗਿੱਲ , ਸ਼ਿੰਗਾਰਾ ਸਿੰਘ ਜਰਖੜ , ਤਜਿੰਦਰ ਸਿੰਘ ਜਰਖੜ ,ਸੰਦੀਪ ਸਿੰਘ ਪੰਧੇਰ, ਸਾਬੀ ਜਰਖੜ , ਗੁਰਵਿੰਦਰ ਸਿੰਘ ਕਿਲਾ ਰਾਇਪੁਰ ,ਰੁਪਿੰਦਰ ਸਿੰਘ ਗਿ ?ਲ ਸਮਰਾਲਾ ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਅਤੇ ਇਲਾਕੇ ਦੀਆਂ ਹੋਰ ਉੱਘੀਆਂ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਦਿਆ ਦੱਸਿਆ ਕਿ ਹੁਣ ਇਸ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੁਕਾਬਲੇ 11 ਅਤੇ 12 ਮਈ ਨੂੰ ਖੇਡੇ ਜਾਣਗੇ ।

# ਥੋੜ੍ਹੀ ਜਿਹੀ ਕਣਕ ਚੋਰੀ ਕਰਨ ਦੇ ਕਥਿਤ ਦੋਸ਼ੀ ਨੌਜਵਾਨਾਂ ਨੂੰ ਗੁਲਾਮਾਂ ਵਾਂਗ ਦੇਰ ਰਾਤ ਤੱਕ ਬੰਨ ਕੇ ਕੁੱਟਦੇ ਰਹੇ ਧਨਾਢ ਜਿਮੀਦਾਰ, ਪੁਲਿਸ ਨੇ ਦੋਵਾਂ ਧਿਰਾਂ ਖਿਲਾਫ ਮਾਮਲਾ ਦਰਜ ਕੀਤਾ



ਦਿੜ੍ਹਬਾ ਮੰਡੀ , ਨਕੋਦਰ, ਮਹਿਤਪੁਰ, 6 ਮਈ (ਹਰਜਿੰਦਰ ਪਾਲ ਛਾਬੜਾ)- ਨੇੜਲੇ ਪਿੰਡ ਖਡਿਆਲ ਵਿਖੇ ਬੀਤੀ ਰਾਤ ਪਿੰਡ ਦੇ ਧਨਾਢ ਜਿਮੀਦਾਰ ਲੋਕਾਂ ਨੇ ਦਲਿਤ ਸਮਾਜ ਨਾਲ਼ ਸੰਬਧਿਤ ਨੌਜਵਾਨਾ ਨੂੰ ਥੋੜ੍ਹੀ ਜਿਹੀ ਕਣਕ ਦੇ ਕਥਿਤ ਦੋਸ਼ ਹੇਠ ਦੇਰ ਰਾਤ ਰੱਸੀਆਂ ਨਾਲ ਬੰਨ੍ਹ ਕੇ ਡਾਂਗਾ ਕੁੱਟਿਆ। ਜਦਕਿ ਬਾਆਦ ਵਿਚ ਪੁਲੀਸ ਹਵਾਲੇ ਕਰ ਦਿੱਤਾ। ਦੁਖਦਾਇਕ ਗੱਲ ਇਹ ਹੈ ਕਿ ਉਕਤ ਲੋਕਾਂ ਨੇ ਨੌਜਵਾਨਾਂ ਨੂੰ ਕੁੱਟਣ ਦੀ ਵੀਡਿਓ ਬਣਾ ਕੇ ਸੋਸ਼ਲ ਮੀਡੀਆ ਤੇ ਨਸਰ ਕਰ ਦਿਤੀ ਹੈ। ਜਿਸ ਨਾਲ ਇਹਨਾਂ ਦਾ ਸਮਾਜਿਕ ਸੋਸ਼ਣ ਵੀ ਕੀਤਾ ਗਿਆ ਹੈ।ਥਾਣਾ ਛਾਜਲੀ ਵਿਖੇ ਦੋਵਾਂ ਧਿਰਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਜਿਸ ਅਨੁਸਾਰ ਸੁਖਪਾਲ ਸਿੰਘ ਮਾਟੀ ਪੁੱਤਰ ਰਾਮਚੰਦ ਸਿੰਘ ਨੇ ਕਿਹਾ ਕਿ ਮੈ ਤੇ ਮੇਰਾ ਸਾਥੀ ਸਾਦੀ ਸਿੰਘ ਪੁੱਤਰ ਮਿਸਰਾ ਸਿੰਘ ਅੱਧੀ ਰਾਤ ਨੂੰ ਜਿਮੀਦਾਰਾ ਦੇ ਘਰ ਕਣਕ ਚੁੱਕ ਰਹੇ ਸਨ। ਇਸ ਵਕਤ ਸਤਗੁਰ ਸਿੰਘ ਪੁੱਤਰ ਅਜੈਬ ਸਿੰਘ, ਸੁਰਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ, ਰਾਜਵੀਰ ਸਿੰਘ ਪੁੱਤਰ ਛੋਟਾ ਸਿੰਘ, ਦਰਸਨ ਸਿੰਘ ਪੁੱਤਰ ਨਾਥ ਸਿੰਘ ਅਤੇ ਰਵੀ ਸਿੰਘ ਪੁੱਤਰ ਦਰਸਨ ਸਿੰਘ ਪਿੰਡ ਤੂਰਬੰਜਾਰਾ ਨੇ ਰੱਸਿਆ ਨਾਲ ਬੰਨ ਕੇ ਕੁੱਟਿਆ ਹੈ ਉਧਰ ਸਤਗੁਰ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਖਡਿਆਲ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਰਾਤੀ 11 ਵਜੇ ਉਕਤ ਵਿਅਕਤੀ ਜੋਂ ਕਥਿਤ ਦੋਸ਼ੀ ਹਨ ਸਾਡੇ ਬਰਾਂਡੇ ਵਿਚ ਰੱਖੀ ਕਣਕ ਚੋਰੀ ਕਰ ਰਹੇ ਸਨ। ਜਿੰਨਾ ਨੂੰ ਮੌਕੇਂ ਤੇ ਫੜ ਲਿਆ ਗਿਆ। ਪਿੰਡ ਦੇ ਮੋਹਤਬਰਾਂ ਤੇ ਪੁਲਸ ਦੀ ਹਾਜ਼ਰੀ ਵਿੱਚ ਪਰਿਵਾਰ ਦੇ ਹਵਾਲੇ ਕਰ ਦਿੱਤਾ ਸੀ ।ਪਰ ਪੰਚਾਇਤੀ ਰਾਜੀਨਾਮਾ ਨਾ ਹੋਣ ਕਾਰਨ ਦੋਵਾਂ ਧਿਰਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਦਿੜ੍ਹਬਾ ਵਿਧਾਨ ਸਭਾ ਹਲਕਾ ਰਾਖਵਾਂ ਹੋਣ ਕਰਕੇ ਇੱਥੋਂ ਐਡਵੋਕੇਟ ਸ੍ਰ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਬਣੇ ਜਿੰਨਾ ਦੇ ਹੁੰਦੀਆ ਉਹਨਾਂ ਦੇ ਭਾਈਚਾਰੇ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਗੁਲਜ਼ਾਰ ਸਿੰਘ ਮੂਨਕ, ਕਾਂਗਰਸ ਦੇ ਜਗਦੇਵ ਸਿੰਘ ਗਾਗਾ, ਭਾਜਪਾ ਦੇ ਮਾਸਟਰ ਅਜਾਇਬ ਸਿੰਘ ਰਤੋਲ, ਬੀਐਸਪੀ ਦੇ ਬੰਤ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਮਨਦੀਪ ਸਿੰਘ ਹਰਿਆਊ ਸਭ ਮੂਕ ਦਰਸ਼ਕ ਬਣ ਕੇ ਇਸ ਜੁਲਮੀ ਨਜ਼ਾਰੇ ਨੂੰ ਤੱਕ ਰਹੇ ਹਨ। ਜਦਕਿ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਜ਼ ਦਾ ਨੋਟਿਸ ਲੈਂਦਿਆਂ ਸਖ਼ਤ ਕਦਮ ਚੁੱਕਣ ਦੀ ਲੋੜ ਹੈ।